ਮੁੱਖ ਸੰਪਾਦਕ:
ਸੁਰਿੰਦਰਪਾਲ ਸਿੰਘ ਧੰਜਲ



# ਵਤਨੋਂ ਦੂਰ

ਸਾਲ 1 ਅਗਸਤ
ਅੰਕ 2 1973



ਕੈਨੇਡਾ ਵਿੱਚ ਪੰਜਾਬੀ ਦਾ ਇੱਕੋ ਇੱਕ ਸਾਹਿੱਤਕ
ਤੇ ਸੱਭਿਆਚਾਰਕ ਮਾਸਕ-ਪੱਤਰ

# ਵਤਨੋਂ ਦੂਰ

## (ਸੰਗਰਾਮ ਅੰਕ)

ਅਗੱਸਤ 1973    ਅੰਕ : 2    ਸਾਲ : 1

ਚੀਫ਼ ਐਡੀਟਰ:-
ਸੁਰਿੰਦਰਪਾਲ ਸਿੰਘ ਪੰਜਲ

ਐਡਮਨਿਸਟਰੇਟਿਵ ਐਡੀਟਰ : ਕਰਨੈਲ ਸਿੰਘ ਮਾਨ
ਸਰਕੂਲੇਸ਼ਨ ਐਡੀਟਰ : ਜਸਵਿੰਦਰ ਸਿੰਘ ਭੰਗੂ
ਐਡਵਰਟਾਈਜ਼ਿੰਗ ਐਡੀਟਰ : ਦਿਲਜੀਤ ਸਿੰਘ ਤੂਰ

ਪ੍ਰਕਾਸ਼ਕ:
ਤਾਰਾ ਸਿੰਘ ਹੇਅਰ
6626-124-A ST.
SURREY, B.C.

ਚੰਦਾ ਤੇ ਰਚਨਾਵਾਂ ਭੇਜਣ ਦਾ ਪਤਾ:
ਚੀਫ਼ ਐਡੀਟਰ 'ਵਤਨੋਂ ਦੂਰ'
P.O.BOX 1041
COQUITLAM, B.C.

ਚੰਦਿਆਂ ਦਾ ਵੇਰਵਾ:

| ਚੰਦਾ | ਕੈਨੇਡਾ-ਅਮਰੀਕਾ | ਇੰਗਲੈਂਡ (ਹਵਾਈ) |
|---|---|---|
| ਸਾਲਾਨਾ ਚੰਦਾ :- | ਛੇ ਡਾਲਰ | ਚਾਰ ਪੌਂਡ |
| ਛਿਮਾਹੀ ਚੰਦਾ :- | ਤਿੰਨ ਡਾਲਰ | ਦੋ ਪੌਂਡ |
| ਇੱਕ ਕਾਪੀ :- | 50 ਸੈਂਟ | 35 ਪੈਂਸ |

ਟੈਲੀਫ਼ੂਨ ਨੰ:
253-3474

ਕਲਮ ਜਦ ਵੀ ਕਤਲ ਹੁੰਦੀ ਹੈ।
ਤਾਰੀਖ਼ ਤਦ ਬਦਲ ਹੁੰਦੀ ਹੈ।
ਸਮਾਂ ਜਿਸ ਥਾਂ ਰੁਕਦਾ ਹੈ ਆਕੇ,
ਉਹ ਸ਼ਹੀਦਾਂ ਦੀ ਸਰਦਲ ਹੁੰਦੀ ਹੈ।
(ਕਿਰਨਜੀਤ-ਵੈਨਕੋਵਰ)

## ਇਸ ਅੰਕ ਵਿੱਚ

**ਕਹਾਣੀ ਭਾਗ**
- ਰਾਤਾਂ ਕਾਲੀਆਂ (ਗੁਰਬਚਨ ਸਿੰਘ ਭੁੱਲਰ)
- ਨੰਗਾ ਸੂਰਜ (ਵਰਿਆਮ ਸਿੰਘ ਸੰਧੂ)
- ਅੱਗ ਦੀਆਂ ਅੱਖਾਂ (ਮੁਖ਼ਤਾਰ ਗਿੱਲ)
- ਇਸ਼ਤਿਹਾਰ (ਲਖਬੀਰ ਮਾਂਗਟ)
- ਕੁਲੀਨ (ਇੰਦੂ)
- ਸੁਹਾਗ ਚੂੜੀ (ਸ਼ਾਦਵਿੰਦਰ)

**ਕਵਿਤਾਵਾਂ**
- ਪਿਆਰ-ਫੁਲਵਾੜੀ (ਅਮਰ ਕੋਮਲ)
- ਤਿੰਨ ਗ਼ਜ਼ਲਾਂ (ਡਾ: ਠਾਕੁਰ ਭਾਰਤੀ, ਸਰਦਾਰ ਅੰਜੁਮ, ਗੁ: ਰਾਮਪੁਰੀ)

**ਹਸਦੀਆਂ ਬੁੱਲ੍ਹੀਆਂ**
- ਮਿਰਜ਼ਾ-ਗ਼ਾਲਬ ਦੇ ਚੁਟਕਲੇ (ਮਾਸਕ-ਪੱਤਰ 'ਨਵਾਂ-ਸਾਹਿੱਤ' ਦਿਲੀ ਦੇ ਸਹਿਯੋਗ ਨਾਲ)

**ਫੱਟੀ-ਪੋਚ**
- ਫੱਟੀ-ਪੋਚ ਤੇ ਸਿੱਧਰੇ ਦੀ ਗੁਫ਼ਤਗੂ

**ਕੈਨੇਡਾ ਦੇ ਕਵੀ**
- ਗਿੱਲ ਮੋਰਾਂਵਾਲੀ (ਗ਼ਜ਼ਲ) - ਪ੍ਰੋ: ਜਰਨੈਲ ਸਿੰਘ (ਮਜ਼ਦੂਰੀ)
- ਕਰਮ ਸਿੰਘ (ਆਰ-ਪਾਰ) - ਹਰਭਜਨ ਸਿੰਘ ਦੇਗ਼ (ਸੁੱਕੇ ਨੈਣਾਂ...ਹੰਝੂ)

**ਸਾਜ਼ ਅਤੇ ਆਵਾਜ਼**
- ਫਿਲਮ ਪਰੋਡਿਊਸਰ (ਰਾਜਿੰਦਰ ਸਿੰਘ ਬੇਦੀ)

## ਸੰਗਰਾਮ ਝਲਕੀਆਂ

ਗ਼ਦਰ-ਪਾਰਟੀ 1. ਵਿਸ਼ਨੂੰ ਗਣੇਸ਼ ਪਿੰਗਲੇ
ਨਵੀਨ-ਕਵਿਤਾ 2. ਦਿਲ, ਪਾਸ਼, ਉਦਾਸੀ, ਉਪਾਸ਼ਕ, ਕੁਰਲ, ਬੂਟਾ ਰਾਮ ਅਤੇ ਪੰਜਲ.
ਇਸ ਅੰਕ ਦਾ ਨਾਵਲ 3. ਗੋਲੀ ਚਲਦੀ ਰਹੀ
(ਬਬਰਾਂ ਦੀ ਵਿਥਿਆ)
-(ਗਿ: ਤ੍ਰਿਲੋਕ ਸਿੰਘ)-

ਕਹਾਣੀ ਭਾਗ

# 1. ਰਾਤਾਂ ਕਾਲੀਆਂ

ਗੁਰਬਚਨ ਸਿੰਘ ਭੁੱਲਰ

ਮੰਡੀ ਦਾਣੇ ਵੇਚਣ ਆਏ ਗੁਆਂਢੀਆਂ ਦੇ ਗੱਡੇ ਉਤੇ ਸਾਮਾਨ ਰਖ ਕੇ ਜਦੋਂ ਗੁਰਨਾਮ ਸ਼ਹਿਰੋਂ ਬਾਹਰ ਆਇਆ, ਉਹਦੇ ਪੈਰ ਕਾਹਲੇ ਪੈ ਗਏ। ਭਾਵੇਂ ਉਹਨੂੰ ਇਹਨਾਂ ਰਾਹਾਂ, ਇਹਨਾਂ ਬ੍ਰਿਛਾਂ, ਇਹਨਾਂ ਖੇਤਾਂ ਤੋਂ ਦੂਰ ਗਿਆਂ ਕੁਝ ਮਹੀਨੇ ਹੀ ਬੀਤੇ ਸਨ,ਪਰ ਉਹਨੂੰ ਇਸ ਸਭ ਕੁਝ ਦਾ ਬੜਾ ਮੋਹ ਆ ਰਿਹਾ ਸੀ। ਵਡੇਰੀ ਖਿੱਚ ਉਸ ਲਈ ਘਰ ਦੀ ਸੀ — ਮਾਪੇ, ਪਤਨੀ, ਬੱਚਾ...ਤੇ ਘਰ ਦੀਆਂ ਕੰਧਾਂ, ਜਿਨ੍ਹਾਂ ਦੀ ਯਾਦ ਉਹਨੂੰ ਪਰਵਾਰ ਦੇ ਜੀਆਂ ਨਾਲੋਂ ਕੋਈ ਘਟ ਨਹੀਂ ਸੀ ਆਉਂਦੀ ਰਹੀ।

ਟਾਹਲੀਆਂ ਵਾਲਾ ਮੋੜ ਮੁੜ ਕੇ ਉਹਨੇ ਪਿੰਡ ਵਲ ਲੰਮੀ ਨਿਗਾਅ ਮਾਰੀ। ਗੁਰਦੁਆਰੇ ਦੇ ਨਿਸ਼ਾਨ ਸਾਹਿਬ ਦਾ ਖੰਡਾ ਧੁੱਪ ਵਿਚ ਲਿਸ਼ਕ ਰਿਹਾ ਸੀ। ਉਹਨੇ ਅੱਖਾਂ ਅਧ-ਮੀਟੀਆਂ ਕਰਕੇ ਸਿਰ ਰਤਾ ਕੁ ਨੀਵਾਂ ਕੀਤਾ ਅਤੇ ਤੋਰ ਹੋਰ ਤਿੱਖੀ ਕਰ ਲਈ। ਪਰਵਾਰ ਲਈ ਲਿਆਂਦੀਆਂ ਚੀਜ਼ਾਂ ਨਾਲ ਭਰੇ ਝੋਲੇ ਨੂੰ ਉਹਨੇ ਦੂਜੇ ਮੋਢੇ ਉਤੇ ਬਦਲਿਆ ਅਤੇ ਜੇਬ ਵਿਚ ਰੱਖੀ ਨੋਟਾਂ ਦੀ ਨਿਕੀ ਜਿਹੀ ਥਹੀ ਉਤੇ ਹੱਥ ਫੇਰਿਆ। ਉਹਨੇ ਮਨ ਵਿਚ ਤਸਵੀਰ ਬਣਾਈ ਕਿ ਮਾਂ ਉਹਨੂੰ ਕਿਵੇਂ ਹਿੱਕ ਨਾਲ ਲਾ ਲਵੇਗੀ ਅਤੇ ਫੇਰ ਜਦੋਂ ਉਹਨੇ ਆਪਣੀ ਕਮਾਈ ਉਹਦੀ ਹਥੇਲੀ ਉਤੇ ਰੱਖੀ ਤਾਂ ਉਹ ਕਿੰਨੀ ਖ਼ੁਸ਼ ਹੋਵੇਗੀ!

ਗੁਰਨਾਮ ਦੇ ਚੇਤੇ ਵਿਚ ਪਰਵਾਰ ਦੇ ਹਰੇਕ ਜੀਅ ਦੀ ਯਾਦ ਮਿੱਠੀ ਮਿੱਠੀ ਸੁਗੰਧੀ ਵਾਂਗ ਰੁਮਕਦੀ ਰਹਿੰਦੀ, ਪਰ ਆਪਣੀ ਮਾਂ ਪਰੇਮ ਕੌਰ ਨੂੰ ਯਾਦ ਕਰਕੇ ਉਹਦੀਆਂ ਅੱਖਾਂ ਅਤੇ ਸਿਰ ਬਿਲਕੁਲ ਓਵੇਂ ਹੀ ਝੁਕ ਜਾਂਦੇ, ਜਿਵੇਂ ਹੁਣੇ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਦੇ ਖੰਡੇ ਨੂੰ ਵੇਖ ਕੇ ਝੁਕੇ ਸਨ। ਜਦੋਂ ਉਹ ਨਿੱਕਾ ਜਿਹਾ ਸੀ ਅਤੇ ਉਸ ਦਾ ਪਿਤਾ ਫ਼ੌਜ ਵਿਚ ਸੀ, ਤਾਂ ਪਰੇਮ ਕੌਰ ਨੇ ਕਿਵੇਂ ਕਿਵੇਂ ਔਖਾਂ ਕਟ ਕੇ ਘਰ ਤੋਰਿਆ ਸੀ ਤੇ ਗੁਰਨਾਮ ਨੂੰ ਪਾਲਿਆ ਸੀ।

ਗਰਮੀ ਹੋਵੇ, ਸਰਦੀ ਹੋਵੇ, ਘਰ ਦੀ ਝਾੜ-ਪੂੰਝ ਅਤੇ ਰੋਟੀ-ਟੁੱਕ ਮਗਰੋਂ ਪਰੇਮ ਕੌਰ ਛੇਤੀ ਹੀ ਵਿਹਲੀ ਹੋ ਜਾਂਦੀ। ਵਾਹੀ ਤੋਂ ਬਿਨਾਂ ਕਿਸਾਨ ਘਰਾਂ ਵਿਚ ਕੰਮ ਵੀ ਕੀ ਹੁੰਦਾ ਹੈ ਅਤੇ ਉਸ ਦਾ ਵਾਹੀ ਕਰਨ ਵਾਲਾ ਸੈਆਂ ਕੋਹਾਂ ਉਤੇ ਬੈਠਾ ਸੀ। ਸਹੁਰਾ ਉਸ ਦਾ ਭਲਾ ਲੋਕ ਸੀ। ਬੰਦਿਆਂ ਦੇ ਕਰਨ ਵਾਲੇ ਨਿਕੇ ਮੋਟੇ ਕੰਮ ਨਿਬੇੜ ਕੇ ਉਹ ਦੋ ਰੋਟੀਆਂ ਛਕਦਾ ਅਤੇ ਸੱਥ ਵਿਚ ਜਾ ਬੈਠਦਾ। "ਨੂੰਹਾਂ ਧੀਆਂ ਵਾਲੇ ਬੰਦੇ ਦਾ ਘਰੇ ਵਿਹਲੇ ਬੈਠ ਰਹਿਣਾ ਸ਼ੋਭਦਾ ਨ੍ਹੀਂ, ਬਹੂਆਂ ਘੁੰਡ ਕੱਢਣ ਕਿ ਕੰਮ ਕਰਨ", ਉਹ ਕਿਹਾ ਕਰਦਾ ਸੀ।

ਸੱਸ ਉਸ ਦੀ ਮੋਮੋਠਗਣੀ ਗਰਮੀਆਂ ਵਿਚ ਗਿੱਲ ਲੀੜਾ ਪਿੰਡੇ ਉਤੇ ਫੇਰ ਕੇ ਅਤੇ ਸਰਦੀਆਂ ਵਿਚ ਮੰਜੀ ਧੁੱਪੇ ਖਿੱਚ ਕੇ ਸਾਰਾ ਦੁਪਹਿਰਾ ਸੁੱਤੀ ਰਹਿੰਦੀ, ਰੱਜੀ ਮਹਿੰ ਵਾਂਗ ਘੁਰਾੜੇ ਮਾਰਦੀ ਰਹਿੰਦੀ। ਭਾਵੇਂ ਕੰਮ ਤਾਂ ਅਜਿਹਾ ਕੋਈ ਨਹੀਂ ਸੀ ਕਿ ਉਹਦੇ ਹੱਥ ਵਟਾਏ ਬਿਨਾਂ ਪਰੇਮ ਕੌਰ ਤੋਂ ਹੋ ਨਾ ਸਕਦਾ ਹੋਵੇ, ਪਰ ਫੇਰ ਵੀ "ਜਿਹੜਾ ਬੰਦਾ ਚਾਰ ਰੋਟੀਆਂ ਭੰਨ ਲਵੇ, ਉਹਨੂੰ ਕੁਛ ਤਾਂ ਸੂਆ-ਸਲਾਈ ਕਰਨੀ ਈ ਚਾਹੀਦੀ ਐ" — ਪਰੇਮ ਕੌਰ ਦੇ ਦਿਲ ਹੀ ਦਿਲ ਵਿਚ ਨਿੱਕਾ ਜਿਹਾ ਰੋਸ ਜਾਗਦਾ।

ਇਕੱਲੀ ਪੇਂਡੂ ਤੀਵੀਂ ਦਾ ਚਰਖੇ ਜਿਹਾ ਹਮਦਰਦ ਹੋਰ ਕੋਈ ਨਹੀਂ। ਤੇ ਜਿਉਂ ਜਿਉਂ ਫੱਟ ਘੁੰਮਦੇ ਜਾਂਦੇ, ਬੀਤੇ ਦਿਨ ਇਕ ਇਕ ਕਰਕੇ ਪਰੇਮ ਕੌਰ ਦੇ ਸਾਹਮਣੇ ਉਘੜ ਪੈਂਦੇ। ਭਾਂਤ ਭਾਂਤ ਦੀਆਂ ਘਟਨਾਵਾਂ ਉਸ ਦੇ ਚੇਤੇ ਦੇ ਪਿੜ ਉਤੇ ਨੱਚਣ ਲਗਦੀਆਂ। ਪਤੀ ਨੂੰ ਯਾਦ ਕਰਕੇ ਉਸ ਦਾ ਚਿੱਤ ਖੁੱਸਣ ਲਗ ਪੈਂਦਾ ਅਤੇ ਢਹਿੰਦੇ ਦਿਲ ਨੂੰ ਢਾਰਸ ਦੇਣ ਲਈ ਉਹ ਗੀਤ ਛੇੜ ਲੈਂਦੀ। ਚਰਖੇ ਦੀ ਘੂੰ ਘੂੰ ਨਾਲ ਹਉਕੇ ਟੱਪੇ ਬਣ ਬਣ ਆਪ ਮੁਹਾਰੇ ਨਿਕਲਦੇ ਰਹਿੰਦੇ। ਬੀਤੇ ਵਿਚ ਡੁੱਬੀ ਉਹ ਗਾਉਂਦੀ ਰਹਿੰਦੀ ਅਤੇ ਚਰਖਾ ਤਾਲ ਦਿੰਦਾ ਰਹਿੰਦਾ। ਹੱਥੜੀ ਘੁਮਾ ਕੇ ਤੰਦ ਦੇ ਨਾਲ ਨਾਲ ਉਹ ਬੋਲ ਨੂੰ ਲੰਮਿਆਰਦੀ —

ਰਾਤਾਂ ਕਾਲੀਆਂ 'ਕੱਲੀ ਨੂੰ ਡਰ ਆਵੇ......

ਪੂਰੇ ਹੋ ਚੁਕੇ ਤੰਦ ਨੂੰ ਤੱਕਲੇ ਉਤੇ ਗੇੜਨ ਲਈ ਉਹ ਹੱਥੜੀ ਰੋਕ ਕੇ ਥੋੜ੍ਹਾ ਪਿਛਾਂਹ ਨੂੰ ਮੋੜਦੀ ਅਤੇ ਨਾਲ ਹੀ ਗੀਤ ਮੁੜ ਪੈਂਦਾ —

......ਵੇ......

ਗੇੜਾ ਫੇਰ ਸਿੱਧਾ ਹੋ ਜਾਂਦਾ ਅਤੇ ਗੀਤ ਪੂਰਨਤਾ ਵਲ ਤੁਰਦਾ —

......ਛੁੱਟੀ ਲੈ ਕੇ ਆ ਜਾ ਨੌਕਰਾ।

ਦਸ ਮਹੀਨੇ ਲੰਘ ਜਾਂਦੇ, ਤਾਂ ਦਰਬਾਰਾ ਸਿੰਘ ਦੋ ਮਹੀਨੇ ਲਈ ਘਰ ਮੁੜਦਾ। ਹਰ ਵਾਰ ਪਰੇਮ ਕੌਰ ਨੂੰ ਲਗਦਾ; ਜਿਵੇਂ ਉਹ ਨਵੀਂ-ਮੁਕਲਾਈ ਆਈ ਹੋਵੇ ਅਤੇ ਉਸ ਦੇ ਰੂਪ ਦਾ ਤੇਜ ਸਾਂਭਿਆ ਨਾ ਜਾਂਦਾ। ਦਰਬਾਰਾ ਸਿੰਘ ਦੀ ਇਕ ਜਿੰਦੜੀ ਨਾਲ ਅੰਦਰ ਬਾਹਰ ਉਸ ਨੂੰ ਭਰਿਆ ਭਰਿਆ ਲਗਦਾ। ਪਰ ਗਿਣਤੀ ਦੇ ਦਿਨ ਵੀ ਕੀ ਹੁੰਦੇ ਹਨ। ਪਰੇਮ ਕੌਰ ਨਿਆਣਿਆਂ ਵਾਂਗ ਕਹਿੰਦੀ, "ਜਾਏ ਖਾਣਾ ਮਹੀਨਾ ਤੀਜੇ ਦਿਨ ਨੰਘ ਗਿਆ।" ਛੁੱਟੀ ਮੁੱਕਣ ਵਾਲੀ ਹੋ ਜਾਂਦੀ ਅਤੇ ਉਹ ਬੈਠ ਬੈਠ ਸੋਚਦੇ—"ਘਰੇ ਜੇ ਏਸ ਤੋਂ ਅੱਧੀ ਮਿਲ ਜਾਵੇ, ਸੁਰਗ ਬੀਤਦਾ ਰਹੇ।" ਪਰ ਅੱਧੀ ਮਿਲੇ ਕਿਥੋਂ? ਦਰਬਾਰਾ ਸਿੰਘ ਖੇਤਾਂ ਨੂੰ ਤੁਰ ਪੈਂਦਾ, ਜਿਨ੍ਹਾਂ ਤੋਂ ਅੱਕ ਕੇ ਉਹ ਜਵਾਨੀ ਵੱਟੇ ਰੋਟੀਆਂ ਵਟਾਉਣ ਲਈ ਫ਼ੌਜ ਵਿਚ ਭਰਤੀ ਹੋਇਆ ਸੀ।

ਜ਼ਮੀਨ ਕਿਸਾਨ ਦੀ ਮਾਂ ਹੁੰਦੀ ਹੈ, ਪਰ ਜੇ ਮਾਂ ਦੇ ਹੀ ਹਿੱਕ ਵਿਚ ਦੁੱਧ ਨਾ ਹੋਵੇ ਤਾਂ ਉਸ ਵਿਚਾਰੀ ਦਾ ਕੀ ਦੋਸ਼? ਪੀੜ੍ਹੀਆਂ ਤੋਂ ਵੰਡੀਦੀ ਤੇ ਚੂੰਡੀਦੀ ਜ਼ਮੀਨ ਨੇ ਬੰਜਰ ਕਿਆਰੀਆਂ ਦਾ ਰੂਪ ਧਾਰ ਲਿਆ ਸੀ ਅਤੇ ਇਹਨਾਂ ਕਿਆਰੀਆਂ ਵਿਚ ਵਾਹੀ ਕਰਨਾ ਐਵੇਂ ਮੱਥਾ ਮਾਰਨ ਵਾਲੀ ਗੱਲ ਸੀ। ਮਿਹਨਤ ਨੂੰ ਆਸ ਤੇ ਹੱਕ ਜਿੰਨਾਂ ਸਿੱਟਾ ਕਦੇ ਨਹੀਂ ਸੀ ਪੈਂਦਾ। ਕਮਾਈ ਦੇ ਹੌਸਲੇ ਦਾ ਲੱਕ ਤੋੜਨ ਵਾਲਾ ਵਡਾ ਕਾਰਨ ਪਾਣੀ ਦੀ ਘਾਟ ਸੀ। ਖੂਹ ਲਾਉਣ ਦੀ ਪਰੋਖੋਂ ਨਹੀਂ ਸੀ ਅਤੇ ਸੂਏ ਦੀ ਉਂਜ ਉਹਨਾਂ ਦੇ ਪਿੰਡ ਟੇਲ ਸੀ। ਲੋੜ ਵੇਲੇ ਤਾਂ ਕਈ ਕਈ ਮਹੀਨੇ ਪਾਣੀ ਨਾ ਆਉਂਦਾ, ਫ਼ਸਲਾਂ ਸੋਕੇ ਨਾਲ ਸੜ ਜਾਂਦੀਆਂ ਤੇ ਤੀਲੇ ਬਣ ਬਣ ਵਰੋਲਿਆਂ ਵਿਚ ਉਡਦੀਆਂ ਰਹਿੰਦੀਆਂ। ਵਰਖਾ ਰੁੱਤ ਆਉਂਦੀ ਤਾਂ ਪਿਛਲੇ ਸਭ ਪਿੰਡਾਂ ਦੇ ਮੋਘੇ ਲੋਕੀਂ ਬੰਦ ਕਰ ਦਿੰਦੇ ਅਤੇ ਟਲ ਦੇ ਖੇਤਾਂ ਵਿਚ ਪਾਣੀ ਹੀ ਪਾਣੀ ਹੋ ਜਾਂਦਾ ਤੇ ਖੇਤੀ ਪਾਣੀ ਨਾਲ ਸੜ ਜਾਂਦੀ।

ਕਈ ਸਾਲ ਦਰਬਾਰਾ ਸਿੰਘ ਸਿਰੜ ਕਰਕੇ ਮਿੱਟੀ ਨਾਲ ਘੁਲਦਾ ਰਿਹਾ, ਪਰ ਉਸ ਦੀਆਂ ਲਿੱਪੀਆਂ ਪੋਚੀਆਂ ਬੁਖਾਰੀਆਂ ਨਕੋ ਨੱਕ ਕਦੇ ਵੀ ਨਾ ਭਰੀਆਂ। ਉਹਦੀ ਹੱਡ ਭੰਨ ਮਿਹਨਤ ਅਜਾਈਂ ਜਾਂਦੀ ਵੇਖ ਉਸ ਦੇ ਪਿਤਾ ਨੇ ਉਹਨੂੰ ਵਾਹੀ ਛਡ ਕੇ ਭੈਣ ਦੇ ਪਿੰਡ ਚਲੇ ਜਾਣ ਦੀ ਸਲਾਹ ਦਿਤੀ।

ਦਰਬਾਰਾ ਸਿੰਘ ਦਾ ਭਣੌਈਆ ਕਈ ਵਾਰ ਕਹਿ ਗਿਆ ਸੀ, ਕਿ ਉਸ ਕੋਲ ਉਹ ਟਰੈਕਟਰ ਚਲਾ ਛਡੇ ਅਤੇ ਮੌਜ ਕਰੇ। ਧੀ ਘਰ ਜਾਣ ਵਾਲੀ ਗੱਲ ਸੀ ਤਾਂ ਹੀਣਤ ਵਾਲੀ ਹੀ, ਪਰ ਬਜ਼ੁਰਗ ਨੂੰ ਹੋਰ ਕੋਈ ਰਾਹ ਦਿਖਾਈ ਵੀ ਨਹੀਂ ਸੀ ਦੇ ਰਿਹਾ।

ਇਕ ਦਿਨ ਦਰਬਾਰਾ ਸਿੰਘ ਹਾਰੇ ਹੋਏ ਢਾਂਡੇ ਵੇਚਣ ਮਾਲ-ਮੰਡੀ ਦੇ ਰਾਹ ਪੈ ਗਿਆ। ਪੰਜਾਂ ਦਸਾਂ ਦਾ ਘਾਟਾ ਵਾਧਾ ਉਸ ਨੇ ਨਾ ਗਿਣਿਆਂ। ਨਾਲੇ ਉਸ ਦਾ ਤਾਂ ਚਿੱਤ ਡੋਲ ਰਿਹਾ ਸੀ, ਜਿਵੇਂ ਉਹ ਬਲ੍ਹਦ ਨਾ ਵੇਚ ਰਿਹਾ ਹੋਵੇ, ਸਗੋਂ ਆਪਣੀਆਂ ਬਾਹਾਂ ਵਢਵਾ ਰਿਹਾ ਹੋਵੇ ਅਤੇ ਉਹ ਚਾਹੁੰਦਾ ਸੀ ਕਿ ਜਦੋਂ ਟੱਕਾ ਚਲਣਾ ਹੀ ਹੈ, ਛੇਤੀ ਚੱਲੇ ਸੋ ਚੰਗਾ। ਰੱਸੇ ਉਹਨੇ ਗਾਹਕ ਹੱਥ ਫੜਾ ਦਿਤੇ ਅਤੇ ਨਾਮਾ ਝੋਲੀ ਪੁਆ ਕੇ ਸੱਖਣਾ ਜਿਹਾ ਹੋ ਗਿਆ। ਉਸ ਨੂੰ ਜਾਂਦਾ ਵੇਖ ਬਿਗਾਨੇ ਹੱਥ ਫੜੇ ਬਲ੍ਹਦ ਜ਼ੋਰ ਜ਼ੋਰ ਦੀ ਰੰਭੇ। ਉਹਦੀਆਂ ਅੱਖਾਂ ਦੇ ਕੋਇਆਂ ਵਿਚ ਪਾਣੀ ਸਿੰਮ ਆਇਆ ਅਤੇ ਉਹਦਾ ਚਿੱਤ ਕੀਤਾ ਕਿ ਮੁੜ ਕੇ ਉਹਨਾਂ ਦੇ ਸਿੰਗ ਜਾ ਪਲੋਸੇ—ਪਰ ਹੁਣ ਮੋਹ ਕਾਹਦਾ ? ਇਉਂ ਕੀਤਿਆਂ ਨਵੇਂ ਮਾਲਕ ਨੇ ਵੀ ਗੁੱਸੇ ਹੋ ਜਾਣਾ ਸੀ— ਬਲ੍ਹਦਾਂ ਨੇ ਉਸ ਨੂੰ ਵਫ਼ਾ ਨਹੀਂ ਸੀ ਕਰਨੀ।

ਉਸ ਨੂੰ ਲਗ ਰਿਹਾ ਸੀ, ਜਿਵੇਂ ਉਸ ਦੇ ਭਰੇ ਪਿੜ ਨੂੰ ਅੱਗ ਲਗ ਗਈ ਹੋਵੇ ਅਤੇ ਉਹ ਡਿੱਗ ਡਿੱਗ ਪੈਂਦੇ ਦਿਲ ਨੂੰ ਹੋੜਾ ਦੇਣ ਲਈ ਮੇਲੇ ਦਾ ਗੇੜਾ ਕੱਢਣ ਲੱਗ ਪਿਆ।

ਇਕ ਨਿਵੇਕਲੇ ਥਾਂ ਜੁੜੀ ਭੀੜ ਵੱਲ ਉਸ ਦੇ ਪੈਰ ਖਿਚੇ ਗਏ। ਇਕੱਠ ਵਿਚੋਂ ਕਿਸੇ ਨੇ ਦਸਿਆ — ਇਹ 'ਢਾਂਗੇ ਵਾਲੇ' ਸਨ। ਇਕ ਦਮ ਉਸ ਦੇ ਕੰਨਾਂ ਵਿਚ 'ਭੈਣ ਘਰ ਭਾਈ ਕੁੱਤਾ' ਦੀ ਕਹਾਵਤ ਜ਼ੋਰ ਜ਼ੋਰ ਨਾਲ ਗੂੰਜ ਉਠੀ। ਨਹੀਂ, ਨਹੀਂ, ਉਸ ਤੋਂ ਇਹ ਨਹੀਂ ਸੀ ਝੱਲਿਆ ਜਾਣਾ। ਉਸ ਦੇ ਧੁਰ-ਅੰਦਰ ਇਕ ਲਹਿਰ ਜਿਹੀ ਉਠੀ, ਇਕ ਚੀਸ ਜਿਹੀ ਵੱਜੀ ਅਤੇ ਉਹਨੇ ਮਨ ਮਾਰ ਕੇ ਛਾਤੀ ਭਰਤੀ-ਅਫਸਰ ਦੇ ਫ਼ੀਤੇ ਮੂਹਰੇ ਕਰ ਦਿਤੀ। ਘਰੇ ਸਕੀਮੀ ਸੀ, ਪਰ ਪੁੱਤ ਤਾਂ ਪੰਜਾਬੀ ਜੱਟਾਂ ਦਾ ਸੀ, ਗੁੰਦਿਆ ਸਰੀਰ ਵੇਖ ਕੇ ਅਫਸਰ ਖ਼ੁਸ਼ ਹੋ ਗਏ ਅਤੇ ਉਹ ਭਰਤੀ ਕਰ ਲਿਆ ਗਿਆ।

ਡਾਕਖਾਨੇ ਜਾ ਕੇ ਬਲ੍ਹਦਾਂ ਦੇ ਰੁਪਏ ਉਹਨੇ ਮਨੀਆਰਡਰ ਕਰਵਾ ਦਿਤੇ ਅਤੇ ਇਕ ਕਾਰਡ ਲਿਖਵਾ ਦਿਤਾ। ਮਾਂ ਪਿਉ ਬੜਾ ਕਲਪੇ, ਪਰ ਉਹਨਾਂ ਦਾ ਫ਼ਰਜ਼ ਤਾਂ ਡੋਲਦੀ ਪਰੇਮ ਕੌਰ ਨੂੰ ਧੀਰਜ ਦੇਣਾ ਸੀ। ਸਹੁਰੇ ਨੇ ਆਪਣੀਆਂ ਅੱਖਾਂ ਪੂੰਝ ਕੇ ਉਹਦੇ ਸਿਰ ਉਤੇ ਹੱਥ ਫੇਰਿਆ, "ਨਾ ਰੋ ਧੀਏ, ਮੈਂ ਲੰਬਰਦਾਰ ਨੂੰ ਨਾਲ ਲੈ ਕੇ ਸਾਹਬ ਦਿਉਂ ਨਾਮਾ ਕਟਵਾ ਲਿਆਊਂ, ਹੌਸਲਾ ਰੱਖ ਕਮਲੀ।"

> ਸਹੁਰੇ ਨੇ ਆਪਣੀਆਂ ਅੱਖਾਂ ਪੂੰਝ ਕੇ ਉਹਦੇ ਸਿਰ ਉੱਤੇ ਹੱਥ ਫੇਰਿਆ, "ਨਾ ਰੋ ਧੀਏ, ਮੈਂ ਲੰਬਰਦਾਰ ਨੂੰ ਨਾਲ ਲੈ ਕੇ ਸਾਹਬ ਦਿਉਂ ਨਾਮਾ ਕਟਵਾ ਲਿਆਊਂ, ਹੌਸਲਾ ਰੱਖ ਕਮਲੀ!"

ਦਰਵੇਸ਼ ਬਿਰਧ ਨੇ ਪੰਚਾਇਤ ਦੇ ਗੂਠੇ ਲੁਆ ਕੇ ਕਈ ਅਰਜ਼ੀਆਂ ਭੇਜੀਆਂ, ਆਪ ਜਾ ਕੇ ਵੀ ਤਰਲੇ ਕੀਤੇ। ਪਰ ਸਿਆਣਿਆਂ ਦਾ ਕਥਨ ਹੈ — ਜਾਣਾ ਆਪਣੇ ਹੱਥ, ਮੁੜਨਾ ਬਿਗਾਨੇ ਹੱਥ। ਓੜਕ ਸਾਰੇ ਟੱਬਰ ਨੇ ਸਬਰ ਕਰਕੇ ਇਹ ਗੱਲ ਸਹਿ ਲਈ।

ਛੁੱਟੀ ਆਇਆ ਦਰਬਾਰਾ ਸਿੰਘ ਲੂਣ ਤੇਲ ਜੋਗੇ ਪੈਸੇ ਦੇ ਜਾਂਦਾ। ਕਰਜ਼ਾ ਬਲ੍ਹਦਾਂ ਦੀ ਵੱਟਤ ਨਾਲ ਲਹਿ ਚੁਕਿਆ ਸੀ ਅਤੇ ਦੋ ਚਾਰ ਮਣ ਦਾਣੇ ਹਿੱਸੇ ਉਤੇ ਦਿਤੀ ਜ਼ਮੀਨ ਵਿਚੋਂ ਵੀ ਆ ਜਾਂਦੇ ਸਨ। ਕਈ ਵਾਰ ਉਹ ਸੋਚਦਾ—ਬੱਝਵੇਂ ਚਾਰ ਛਿੱਲੜ ਜ਼ਰੂਰ ਮਿਲਣ ਲਗ ਪਏ, ਪਰ ਸੁਰਗ ਤਾਂ ਹੱਥੋਂ ਜਾਂਦਾ ਰਿਹਾ।

ਛੁੱਟੀ ਪੂਰੀ ਹੋ ਜਾਂਦੀ। ਉਹੀ ਲੈਫ਼ਟ ਰਾਈਟ ਦਰਬਾਰਾ ਸਿੰਘ ਲਈ ਅਤੇ ਉਹੀ ਚਰਖਾ ਪਰੇਮ ਕੌਰ ਦਾ ਹਮਦਰਦ।

ਇਕ ਦਿਨ ਗੁਰਨਾਮ ਨੂੰ ਸਵਾਲ ਕੱਢਣ ਲਾ ਕੇ ਪਰੇਮ ਕੌਰ ਨੇ ਚਰਖਾ ਡਾਹਿਆ, ਤਾਂ ਤਕਲਾ ਵਿੰਗਾ ਹੋਇਆ ਪਿਆ ਸੀ। ਜੁੱਤੀ ਉਸ ਨੇ ਪੈਰਾਂ ਵਿਚ ਅੜੁੰਗੀ ਅਤੇ ਨਾਲ ਦੇ ਘਰ ਵਾਲੀ 'ਅੰਮਾਂ ਜੀ' ਨੂੰ ਤਕਲਾ ਸਿੱਧਾ ਕਰਵਾਉਣ ਲਈ ਸੱਦਣ ਤੁਰ ਪਈ।

"ਚੱਲ ਬਹੂ, ਮੈਂ ਹੁਣੇ ਆਈ", ਬੁੜ੍ਹੀ ਨੇ ਉੱਤਰ ਦਿਤਾ।

"ਛੇਤੀ ਆਈਂ ਅੰਮਾਂ ਜੀ, ਜਮਾਂ ਈ ਤੰਦ ਨ੍ਹੀਂ ਪੈਂਦਾ", ਤੁਰਨ ਲਗਿਆਂ ਉਹਨੇ ਪੱਕੀ ਕੀਤੀ। ਮੁੜਦੀ ਨੂੰ ਫੱਟੀ ਲਿਖਦਾ ਗੁਰਨਾਮ ਭੋਲੇ ਭਾ ਗਾ ਰਿਹਾ ਸੀ—

ਰਾਤਾਂ ਕਾਲੀਆਂ 'ਕੱਲੀ ਨੂੰ ਡਰ ਆਵੇ,  
ਛੁੱਟੀ ਲੈ ਕੇ ਆ ਜਾ ਨੌਕਰਾ......

ਪਲ ਭਰ ਲਈ ਉਹ ਲਾਲ ਸੂਹੀ ਹੋ ਗਈ ਅਤੇ ਉਸ ਨੂੰ ਲਗਿਆ, ਜਿਵੇਂ ਗੁਰਨਾਮ ਹੁਣ ਗਭਰੂ ਹੁੰਦਾ ਜਾ ਰਿਹਾ ਹੋਵੇ। ਉਹ ਆਪਣੀ ਅਣਜਾਣੀ ਗ਼ਲਤੀ ਉਤੇ ਖਿਝ ਪਈ—ਕਿਉਂ ਮੁੰਡੇ ਦੇ ਬੈਠੇ ਹੀ ਊਟ-ਪਟਾਂਗ ਗਾਉਂਦੀ ਰਹਿੰਦੀ ਸੀ। ਉਹਨੇ ਲਾਡ ਭਰੀ ਘੂਰੀ ਵੱਟੀ, "ਹੈਂਹ ਬਿਸ਼ਰਮ, ਮੁੰਡੇ ਨੀ ਬੁੜ੍ਹੀਆਂ ਵਾਲੇ ਗੀਤ ਗਾਉਂਦੇ ਹੁੰਦੇ।"

ਜਿਉਂ ਜਿਉਂ ਗੁਰਨਾਮ ਦੇ ਅੰਗ ਭਰਦੇ ਗਏ, ਪਰੇਮ ਕੌਰ ਨੂੰ ਲਗਦਾ, ਜਿਵੇਂ ਉਹ ਬੁੜ੍ਹੀ ਹੁੰਦੀ ਜਾ ਰਹੀ ਹੋਵੇ ਅਤੇ ਉਹ ਪੁੱਤਰ ਸਾਹਮਣੇ ਸੰਭਲੀ ਸੰਭਲੀ ਰਹਿਣ ਲੱਗ ਪਈ।

ਸ਼ਹਿਰ ਦੇ ਸਕੂਲੋਂ ਗੁਰਨਾਮ ਨੇ ਦਸ ਪਾਸ ਕਰ ਲਈਆਂ ਅਤੇ ਅਗੋਂ ਦੂਰ ਦਾ ਖ਼ਰਚ ਝੱਲਣ ਦੀ ਘਰ ਵਿਚ ਪਹੁੰਚ ਨਹੀਂ ਸੀ। ਇਕ ਛੁੱਟੀ ਵਿਚ ਦਰਬਾਰਾ ਸਿੰਘ ਨੇ ਪਰੇਮ ਕੌਰ ਨਾਲ ਸਲਾਹ ਕਰਕੇ, ਆਪਣੇ ਨਾਲ ਛੁੱਟੀ ਆਏ ਗੁਆਂਢੀ ਪਿੰਡ ਦੇ ਇਕ ਫੌਜੀ ਮਿੱਤਰ ਦੀ ਕੁੜੀ ਭਗਵੰਤ ਨਾਲ ਗੁਰਨਾਮ ਦਾ ਵਿਆਹ ਕਰ ਦਿਤਾ। ਭਗਵੰਤ ਸੁਹਣੀ ਵੀ ਰੱਜ ਕੇ ਸੀ ਅਤੇ ਨੇਕ ਵੀ। ਗੁਰਨਾਮ ਆਪਣੇ ਭਾਗ ਸਲਾਹੇ ਬਿਨਾਂ ਨਾ ਰਹਿ ਸਕਿਆ।

ਦਰਬਾਰਾ ਸਿੰਘ ਅਗਲੀ ਛੁਟੀ ਆਇਆ ਤਾਂ ਉਹਨੂੰ ਪਤਾ ਲਗ ਚੁਕਿਆ ਸੀ ਕਿ ਹੋਰ ਚਹੁੰ ਮਹੀਨਿਆਂ ਨੂੰ ਉਸ ਨੂੰ ਪੈਨਸ਼ਨ ਮਿਲ ਜਾਣੀ ਸੀ। ਇਕ

ਦਿਨ ਉਹਨੇ ਪਰੇਮ ਕੌਰ ਨੂੰ ਅੰਦਰ ਸਬਾਤ ਵਿਚ ਸਦਿਆ, "ਮੇਰੀ ਸਲਾਹ ਐ, ਮੈਂ ਗੁਰਨਾਮ ਨੂੰ ਨਾਲ ਈ ਲੈ ਜਾਂ। ਮੇਰੇ ਹੁੰਦਿਆਂ ਹੁੰਦਿਆਂ ਇਹਦੀ ਜਾਣ ਪਛਾਣ ਓਥੇ ਹੋ ਜਾਵੇ......"

"ਜੀ, ਫੌਜ ਦੀ ਨੌਕਰੀ ਕਾਹਦੀ......", ਜਵਾਨੀ ਯਾਦ ਕਰ ਕੇ ਪਰੇਮ ਕੌਰ ਦਾ ਬੇਮਲੂਮਾ ਜਿਹਾ ਹਉਕਾ ਨਿਕਲ ਗਿਆ, ਪਰ ਉਹਨੇ ਗੱਲ ਬਦਲ ਲਈ, "ਵਰ੍ਹਦੀਆਂ ਗੋਲੀਆਂ !" ਤੇ ਉਹਨੇ ਆਪਣੇ ਪਤੀ ਦੀ ਖੱਬੀ ਲੱਤ ਵਲ ਤੱਕਿਆ, ਜਿਸ ਦੇ ਮਾਸ ਨੂੰ ਇਕ ਗੋਲੀ ਚੱਟ ਕੇ ਲੰਘ ਗਈ ਸੀ। ਜੇ ਰਤਾ ਹੱਡੀ ਨੂੰ ਛੋਹ ਜਾਂਦੀ, ਲਗਰ ਵਰਗੇ ਸਰੀਰ ਦੀ ਜਾਹ-ਜਾਂਦੀ ਹੋ ਜਾਣੀ ਸੀ।

ਦਰਬਾਰਾ ਸਿੰਘ ਤਾੜ ਗਿਆ ਅਤੇ ਹੱਸ ਪਿਆ, "ਤੂੰ ਤਾਂ ਪਰੇਮ ਕੁਰੇ ਭੋਲੀ ਐਂ। ਮੈਂ ਸੀ ਅਨਪੜ੍ਹ ਤੇ ਗੁਰਨਾਮ ਸਿਉਂ ਦਸ ਪਾਸ। ਇਹਨੇ ਮੋਰਚਿਆਂ ਤੇ ਥੋੜ੍ਹੋ ਜਾਣੈਂ। ਇਹ ਤਾਂ ਦਫ਼ਤਰਾਂ ਦਾ ਕਲਰਕ ਬਣੂ। ਬਿਜਲੀ ਦੇ ਪੱਖੇ, ਬੈਂਤ ਦੀਆਂ ਕੁਰਸੀਆਂ......ਮਰਦੇ ਰਹਿਣ ਮ੍ਹਾਤੜ ਵਰਗੇ ਲਾਮ 'ਚ ਲੜ ਲੜ ਕੇ।'

ਪਰੇਮ ਕੌਰ ਨੂੰ ਗੱਲ ਤਾਂ ਠੀਕ ਲਗੀ, ਪਰ ਭਗਵੰਤ ? ਆਪਣੇ ਦਿਨ ਅਜੇ ਵੀ ਪਰੇਮ ਕੌਰ ਲਈ ਬੇਹੇ ਨਹੀਂ ਸਨ ਹੋਏ। ਭਗਵੰਤ ਦਾ ਮਸੂਮ ਚਿਹਰਾ ਮੁੜ ਮੁੜ ਉਸ ਦੀਆਂ ਅੱਖਾਂ ਮੂਹਰੇ ਆ ਜਾਂਦਾ। ਦੂਜੇ ਪਲ ਹੀ ਪਤੀ ਦੀ ਦਲੀਲ ਫੇਰ ਭਾਰੂ ਹੋ ਜਾਂਦੀ, "ਕੱਲੀ ਪਿਨਸ਼ਨ ਨਾਲ ਤਾਂ ਕੁਛ ਨੀ ਬਣਿਆਂ ਕਰਨਾ। ਨਾਲੇ ਗੁਰਨਾਮ ਸਾਰੀ ਉਮਰ ਵਿਹਲਾ ਈ ਤਾਂ ਨ੍ਹੀਂ ਰੱਖਣਾ। ਪੈਰਾਂ ਸਿਰ ਖੜ੍ਹਾ ਹੋ ਜਾਊ। ਸਰਕਾਰੀ ਨੌਕਰੀਆਂ ਕਿਤੇ ਧਰੀਆਂ ਪਈਐਂ।"

"ਜੇ ਕੋਈ ਸਰਕਾਰੀ ਨੌਕਰੀ ਨੇੜੇ ਤੇੜੇ ਮਿਲ ਜਾਵੇ ਤਾਂ ਘਰ ਦੇ ਕੋਲ ਰਹੇ। ਜਾਂ ਭਗਵੰਤ ਨੂੰ ਈ ਨਾਲ ਲੈ ਜਾਇਆ ਕਰੇ।" ਪਰੇਮ ਕੌਰ ਨੇ ਦਿਲ ਦੀ ਕਹਿ ਹੀ ਦਿਤੀ।

"ਫੌਜ ਦੀ ਰੀਸ ਹੋਰ ਨੌਕਰੀਆਂ ਕੀ ਕਰਨਗੀਆਂ ਭੋਲੀਏ", ਦਰਬਾਰਾ ਸਿੰਘ ਨੇ ਕਿੱਲੀ ਤੇ ਟੰਗੀ ਆਕੜੀ ਹੋਈ ਵਰਦੀ ਦੀ ਹਿੱਕ ਉਤੇ ਲਗੀਆਂ ਬਹਾਦਰੀਆਂ ਵੱਲ ਨਿਗਾਅ ਮਾਰੀ, "ਤੇ ਲੜਾਈ ਮੁਕਣ ਦੀ ਡੇਰ ਐ, ਕਲਰਕਾਂ ਸ਼ਲਰਕਾਂ ਨੂੰ ਤਾਂ ਟੱਬਰ ਰੱਖਣ ਵਾਸਤੇ ਕੁਆਟਰ ਮਿਲ ਈ ਜਾਇਆ ਕਰਨਗੇ। ਚਿੱਤ ਕਰੂ ਬਹੂ ਨੂੰ ਨਾਲ ਲੈ ਜਾਇਆ ਕਰੂ।"

ਤੇ ਜਾਂਦੇ ਹੋਏ ਦਰਬਾਰਾ ਸਿੰਘ ਨਾਲ ਗੁਰਨਾਮ ਵੀ ਸੀ। ਪੁੱਤਰ ਦੀ ਦੁਖੀ ਚੁੱਪ ਉਤੇ ਵੀ ਉਸ ਦੀਆਂ ਪਰੇਮ ਕੌਰ ਨੂੰ ਦਿਤੀਆਂ ਦਲੀਲਾਂ ਹੀ ਕਾਟ ਕਰ ਗਈਆਂ ਸਨ। ਅਫ਼ਸਰਾਂ ਨੂੰ ਆਪਣੀ ਵਫਾਦਾਰੀ ਦੀਆਂ ਉਗਾਹੀਆਂ ਦੇ ਦੇ ਕੇ ਉਸ ਨੇ ਗੁਰਨਾਮ ਨੂੰ ਕਲਰਕਾਂ ਵਿਚ ਥਾਂ ਦੁਆ ਦਿਤੀ। ਸਿਆਣੇ ਕਿਸਾਨ ਦੇ ਪੁਰਾਣਾ ਬ੍ਰਿਛ ਪੁੱਟਣ ਨਾਲ ਖ਼ਾਲੀ ਹੋਈ ਥਾਂ ਉਤੇ ਨਵਾਂ ਬੂਟਾ ਲਾ ਦੇਣ ਵਾਂਗ ਉਹ ਆਪਣੀ ਥਾਂ ਭਰ ਚਲਿਆ ਸੀ।

> "ਜੀ, ਫੌਜ ਦੀ ਨੌਕਰੀ ਕਾਹਦੀ......", ਜਵਾਨੀ ਯਾਦ ਕਰਕੇ ਪਰੇਮ ਕੌਰ ਦਾ ਬੇਮਲੂਮਾ ਜਿਹਾ ਹਉਕਾ ਨਿਕਲ ਗਿਆ, ਪਰ ਉਹਨੇ ਗੱਲ ਬਦਲ ਲਈ..................

ਉਸ ਦੇ ਪੈਨਸ਼ਨ ਆਉਣ ਤਕ ਗੁਰਨਾਮ ਕਈਆਂ ਦਾ ਲਿਹਾਜੀ ਬਣ ਚੁਕਿਆ ਸੀ ਅਤੇ ਘਰੋਂ ਬਾਹਰ ਰਹਿਣ ਦੀ ਜਾਚ ਉਹਨੇ ਸਿਖ ਲਈ ਸੀ। ਅਫਸਰ ਵੀ ਉਸ ਨਾਲ ਕੁਝ ਲਿਹਾਜ਼ ਹੀ ਕਰਦੇ ਸਨ।

ਘਰ ਪੁੱਤਰ ਹੋਣ ਦੀ ਖ਼ਬਰ ਆਈ ਤਾਂ ਗੁਰਨਾਮ ਛੁੱਟੀ ਲਈ ਕਾਹਲਾ ਪੈ ਗਿਆ। ਚਿੱਠੀ ਦੇ ਬੋਲ ਉਸ ਦੇ ਕੰਨਾਂ ਵਿਚ ਗੂੰਜਦੇ ਰਹਿੰਦੇ। ਛੇਕੜ ਉਹਨੂੰ ਛੁੱਟੀ ਮਿਲ ਹੀ ਗਈ। ਕਿੰਨਾ ਹੀ ਕੁਝ ਭਗਵੰਤ ਅਤੇ ਬੱਚੇ ਲਈ ਉਹਨੇ ਖ਼ਰੀਦ ਲਿਆ। ਮਾਪਿਆਂ ਲਈ ਵੀ ਉਹ ਖ਼ਾਲੀ ਹੱਥ ਨਹੀਂ ਸੀ ਜਾਣਾ ਚਾਹੁੰਦਾ — ਕਾਫੀ ਕਪੜੇ ਅਤੇ ਨਿੱਕ ਸੁਕ ਉਸ ਨੇ ਸਾਂਭ ਲਿਆ। ਛੁੱਟੀ ਇੰਨੀ ਅਚਾਨਕ ਮਨਜ਼ੂਰ ਹੋ ਗਈ ਸੀ, ਕਿ ਪਿੰਡ ਪਹੁੰਚਣ ਦੀ ਚਿੱਠੀ ਵੀ ਉਹ ਪਾ ਨਹੀਂ ਸੀ ਸਕਿਆ।

ਗੱਡੀਓਂ ਉਤਰ ਕੇ ਸਾਮਾਨ ਉਹਨੇ ਦਾਣੇ ਵੇਚਣ ਆਏ ਗੁਆਂਢੀਆਂ ਦੇ ਗੱਡੇ ਉਤੇ ਰੱਖ ਦਿਤਾ ਅਤੇ ਆਪ ਪੈਦਲ ਤੁਰ ਪਿਆ।

ਘਰ ਪਹੁੰਚਦਿਆਂ ਉਸ ਨੂੰ ਨਰਮ ਜਿਹਾ ਦੁਪਹਿਰਾ ਹੋ ਗਿਆ। ਡੁੱਲ੍ਹ ਡੁੱਲ੍ਹ ਪੈਂਦੇ ਚਾਅ ਅਤੇ ਧੜਕਦੇ ਦਿਲ ਨਾਲ ਉਹਨੇ ਦਰਵਾਜ਼ੇ ਉਹਲਿਓਂ ਇਕੱਲਾ ਸਿਰ ਅਗਾਂਹ ਕਰ ਕੇ ਚੋਰ-ਝਾਤੀ ਮਾਰੀ। ਮਾਂ ਪਿਓ ਸ਼ਾਇਦ ਘਰ ਨਹੀਂ ਸਨ। ਬਾਰ ਵਲ ਪਿੱਠ ਕਰਕੇ ਚਰਖਾ ਕੱਤ ਰਹੀ ਭਗਵੰਤ ਕੋਲ ਪੀੜ੍ਹੀ ਉਤੇ ਪਿਆ ਕਾਕਾ ਖੇਡ ਰਿਹਾ ਸੀ। ਟੁਟੇ ਤੰਦ ਨੂੰ ਉਹਨੇ ਮੂੰਹ ਨਾਲ ਗਿੱਲਾ ਕਰ ਕੇ ਜੋੜਿਆ ਅਤੇ ਗਾਉਣ ਲਗ ਪਈ—

ਰਾਤਾਂ ਕਾਲੀਆਂ 'ਕੱਲੀ ਨੂੰ ਡਰ ਆਵੇ
ਵੇ ਛੁਟੀ ਲੈ ਕੇ ਆ ਜਾ ਨੌਕਰਾ......

ਇਕੋ ਬੋਲ ਨੇ ਗੁਰਨਾਮ ਦੇ ਚੇਤੇ ਉਤੋਂ ਕਈ ਵਰ੍ਹਿਆਂ ਦੀ ਤਹਿ ਉਖੇੜ ਦਿਤੀ। ਖੜ੍ਹੇ ਖੜ੍ਹੇ ਉਸ ਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ। ਇਕ ਧੁੰਦ ਜਿਹੀ ਉਸ ਦੇ ਸਾਹਮਣੇ ਪਸਰ ਗਈ, ਇਕ ਪਰਦਾ ਜਿਹਾ ਤਣ ਗਿਆ, ਜਿਸ ਉਤੇ ਦੋ ਪਰਛਾਵੇਂ ਥਰਕ ਰਹੇ ਸਨ। ਬੜੇ ਯਤਨਾਂ ਨਾਲ ਵੀ ਉਹ ਇਹ ਨਿਰਣਾ ਨਾ ਕਰ ਸਕਿਆ ਕਿ ਇਹ ਪਰਛਾਵੇਂ ਉਸ ਦੇ ਮਾਂ-ਪਿਓ ਦੇ ਸਨ ਕਿ ਭਗਵੰਤ ਅਤੇ ਉਸ ਦੇ ਆਪਣੇ !

"ਓਪਰਾ ਮਰਦ"
ਤੋਂ ਬਾਅਦ ਗੁਰਬਚਨ ਸਿੰਘ ਭੁੱਲਰ ਦਾ
ਨਵਾਂ ਕਹਾਣੀ-ਸੰਗ੍ਰਹਿ
"ਤਾਮਰ-ਪੱਤਰ"

# ੨. ਨੰਗਾ ਸੂਰਜ

ਵਰਿਆਮ ਸਿੰਘ ਸੰਧੂ

ਅੱਧੀ ਛੁੱਟੀ ਹੋ ਗਈ ਸੀ । ਫੱਟੀਆਂ ਪੋਚਣ ਤੋਂ ਪਿਛੋਂ ਬੱਚੇ ਰੋਟੀ ਖਾ ਰਹੇ ਸਨ ।

ਅਧਿਆਪਕਾ ਕੁਰਸੀ 'ਤੇ ਬੈਠੀ ਭਾਰਤ ਦੀ 'ਆਜ਼ਾਦੀ' ਦਾ ਇਤਿਹਾਸ ਪੜ੍ਹ ਰਹੀ ਸੀ । ...ਜਲ੍ਹਿਆਂਵਾਲੇ ਦੀ ਹਿੱਕ 'ਚੋਂ ਸਿੰਮਦਾ ਖ਼ੂਨ..... ਫ਼ਾਂਸੀਆਂ ਦੇ ਰੱਸੇ ਚੁੰਮਣ ਵਾਲੇ ਗਰਮ ਜਿਸਮਾਂ ਦੀ ਬਾਤ...ਹੱਥ-ਕੜੀਆਂ ਤੇ ਬੇੜੀਆਂ ਦੇ ਛਣਕਣ ਦੀ ਆਵਾਜ਼ !......ਕਾਲੇ ਪਾਣੀਆਂ ਵਿਚ ਗਲਦੀਆਂ ਕੰਚਨ ਵਰਗੀਆ ਦੇਹਾਂ...ਕਾਤਲ ਦੀਆਂ ਬਾਹਾਂ ਦਾ ਜ਼ੋਰ ਅਜ਼ਮਾਉਣ ਵਾਲੇ ਮਰ-ਜੀਵੜਿਆਂ ਦੀ ਲਲਕਾਰ ।...

ਸਦੀਆਂ ਦੀ ਘੁੱਪ ਹਨੇਰੀ ਰਾਤ...ਤੇ ਫਿਰ 'ਆਜ਼ਾਦੀ' ਦਾ ਸੂਰਜ...ਖ਼ੂਨ ਦੀ ਰੰਗਤ... ਲਹੂ ਦੀ ਮਹਿਕ...

"ਭੈਣ ਜੀ !...ਭੈਣ ਜੀ ! .." ਪੰਜ ਛੇ ਕੁੜੀਆਂ ਨੇ ਅਧਿਆਪਕਾ ਦੀ ਕੁਰਸੀ ਨੂੰ ਘੇਰ ਲਿਆ । ਉਸ ਅੱਖਾਂ ਚੁੱਕ ਕੇ ਵੇਖਿਆ ।

"ਭੈਣ ਜੀ...ਸ਼ੀਲਾ ਦੀ ਰੋਟੀ ਦੀਨੇ ਛਾਬੜੀ ਵਾਲੇ ਦੀ ਕੁੜੀ ਦੀਪਾਂ ਨੇ ਖਾ ਲਈ ।... ਚੋਰੀ ਭੈਣ ਜੀ...।"

ਖੰਡ ਤੇ ਕੋਲੇ ਦੇ ਡੀਪੂ ਦੇ ਮਾਲਕ ਗੁਲਾਬ ਦਾਸ ਦੀ ਲੜਕੀ ਸ਼ੀਲਾ ਦੇ ਮੋਟੇ ਚਿਹਰੇ ਵਿਚ ਜ਼ਹਿਰ ਘੁਲਿਆ ਪਿਆ ਸੀ । ਗੁੱਸੇ ਨਾਲ ਉਹ ਆਪਣੀਆਂ ਚੌੜੀਆਂ ਨਾਸਾਂ ਫਰਕ ਰਹੀ ਸੀ । ਉਸ ਨੇ ਖਾਲੀ ਟਿਫਨ ਮੇਜ਼ ਉੱਤੇ 'ਠਾਹ' ਧਰਿਆ ਤੇ ਗੁੱਸੇ ਵਿਚ ਪੈਰ ਪਟਕਿਆ ।

"ਜਾਓ ਦੀਪਾਂ ਨੂੰ ਬੁਲਾ ਕੇ ਲਿਆਵੋ...।"

ਕੁੜੀਆਂ ਦੌੜ ਗਈਆਂ । ਅਧਿਆਪਕਾ ਨੇ ਕਿਤਾਬ ਠੱਪ ਦਿੱਤੀ । ਦੀਪਾਂ ਦੀ ਇਸ ਕਰਤੂਤ ਤੇ ਉਸ ਨੂੰ ਡਾਢਾ ਗੁੱਸਾ ਆਇਆ ਸੀ । ਇਸ ਗੁੱਸੇ ਦਾ ਕਾਰਨ—ਪਰਸੋਂ ਦੀ ਦੀਨੇ ਦੀ ਅਜੀਬ ਗੁਸਤਾਖੀ ਵੀ ਸੀ । ਸਾਰੀਆਂ ਕੁੜੀਆਂ—ਜੋ ਵਰਦੀ ਪਾ ਕੇ ਨਹੀਂ ਸਨ ਆਈਆਂ— ਅਧਿਆਪਕਾ ਨੇ ਘਰ ਮੋੜ ਦਿੱਤੀਆਂ ਸਨ...ਤੇ ਦੀਨਾ, ਦੀਪਾਂ ਦੀ ਉਂਗਲੀ ਫੜੀ ਸਕੂਲ ਆ ਧਮਕਿਆ ਸੀ ।

"...ਤੁਸੀਂ ਇਸ ਨੂੰ ਨਵੀਂ ਵਰਦੀ ਪਾ ਕੇ ਆਉਣ ਲਈ ਕਿਹਾ ਹੈ...?"

ਉਹ ਬਿਟਰ ਬਿਟਰ ਉਸ ਵੱਲ ਵੇਖ ਰਹੀ ਸੀ, "ਹਾਂ !...ਤੇ ਔਹ ਵੇਖੋ ਖਾਂ ਇਸ ਦੀ ਸਾਰੀ ਕਮੀਜ਼ ਪਾਟੀ ਹੋਈ । ਇਹ ਕੋਈ ਸਕੂਲ ਦਾ ਡਰੈਸ ਥੋੜ੍ਹਾ ਹੈ...।"

ਦੀਨੇ ਨੇ ਆਪਣੀ ਬੱਚੀ ਦੀ ਕਮੀਜ਼ ਪੇਟ ਤੋਂ ਉਤਾਂਹ ਚੁੱਕੀ । ਉਸ ਦੇ ਕੂਲੇ ਖਾਲੀ ਢਿੱਡ ਨੂੰ ਉਂਗਲਾਂ ਨਾਲ ਨੱਪ ਕੇ ਬੜੇ ਰਹੱਸਮਈ ਅੰਦਾਜ਼ ਵਿਚ ਬੋਲਿਆ, "ਭੈਣ ਜੀ...ਇਹੋ ਜਹੀਆਂ ਕੁੜੀਆਂ ਨੂੰ ਪਾਟੇ ਕਪੜਿਆਂ ਕਾਰਨ ਮਾਰਨ ਤੋਂ ਪਹਿਲਾਂ ਇਹਨਾਂ ਦੀ ਕਮੀਜ਼ ਚੁੱਕ ਕੇ ਢਿੱਡ ਨੱਪ ਕੇ ਵੇਖ ਲਿਆ ਕਰੋ...ਕਿ ਇਹਨਾਂ ਦੇ ਢਿੱਡ ਵਿਚ ਵੀ ਕੁਝ ਹੈ ?...ਇਹਨਾਂ ਦੇ ਢਿੱਡ ਵਿਚ ਵੀ ਕੁਝ ਹੈ ?..." ਤੇ ਉਹ ਉਸੇ ਵੇਲੇ ਤੁਰ ਪਿਆ ਸੀ । ਸ਼ਾਇਦ ਇਸ ਲਈ ਕਿ ਉਥੇ ਹੋਰ ਠਹਿਰਿਆ ਤਾਂ ਉਸ ਦੀਆਂ ਅੱਖਾਂ ਵਿਚਲੀ ਨਮੀਂ ਕਿਧਰੇ ਉਹ ਵੇਖ ਨਾ ਲਵੇ ।

ਤੇ ਉਹ ਉਸ ਦੇ ਜਾਣ ਪਿਛੋਂ ਪੀਲੇ ਜਿਹੇ ਰੰਗ ਵਾਲੀ ਦੀਪਾਂ ਵਲ ਕਿੰਨਾ ਚਿਰ ਵੇਖਦੀ ਰਹੀ ਸੀ...ਕਿੰਨਾ ਚਿਰ ਸੋਚਦੀ ਰਹੀ ਸੀ । ...ਅੱਧਾ ਗੁੱਸੇ ਨਾਲ...ਅੱਧਾ ਹਮਦਰਦੀ ਨਾਲ......

ਕੁੜੀਆਂ ਦੀਪਾਂ ਨੂੰ ਦੋਹਾਂ ਬਾਹਾਂ ਤੋਂ ਚੋਰਾਂ ਵਾਂਗ ਫੜੀ ਲੈ ਆਈਆਂ । ਦੀਪਾਂ ਆਪਣਾ ਹੱਥ ਛੁਡਾ ਕੇ ਮੂੰਹ ਪੂੰਝਣ ਦੀ ਕੋਸ਼ਿਸ਼ ਵਿਚ ਸੀ ।

"ਛੱਡ ਦਿਓ ਇਸ ਨੂੰ...ਐਧਰ ਹੋ ਨੀਂ ਤੂੰ..." ਉਸ ਦੀਪਾਂ ਨੂੰ ਬਾਹੋਂ ਫੜ ਕੇ ਆਪਣੇ ਵੱਲ ਖਿੱਚਿਆ ।

"ਅੱਛਾ !...ਸੱਚੋ ਸੱਚ ਬੋਲੀਂ ਤੂੰ ਇਸ ਦੀ ਰੋਟੀ ਖਾਧੀ ਏ ?...ਸੱਚ ਸੱਚ ਦੱਸੀਂ...।" ਅਧਿਆਪਕਾ ਦੇ ਮੱਥੇ ਉੱਤੇ ਤਿਊੜੀ ਉਭਰੀ ।

"ਹਾਂ ਭੈਣ ਜੀ...।" ਕੁੜੀ ਕੰਬ ਰਹੀ ਸੀ ।

'ਪਟਾਕ' ਕਰਦੀ ਚੁਪੇੜ ਉਸ ਦੇ ਮੂੰਹ ਤੇ ਵੱਜੀ ਤੇ ਉਹ ਫਰਸ਼ ਤੇ ਡਿੱਗ ਪਈ । ਬੁਲ੍ਹ ਟੁਕੇ ਜਾਣ ਕਰ ਕੇ ਮੂੰਹ ਵਿਚੋਂ ਲਹੂ ਸਿੰਮ ਆਇਆ । ਅਧਿਆਪਕਾ ਨੇ ਪਿੱਠ ਵਿਚ ਠੁੱਡਾ ਮਾਰਿਆ, "ਉਤਾਂਹ ਉੱਠ ।"

ਦੀਪਾਂ ਕੰਬਦੀ ਕੰਬਦੀ ਉੱਠੀ—ਉਸ ਦੇ ਹੱਥ ਜੁੜ ਗਏ । ਉਹ ਸਿਸਕਦਿਆਂ ਬੋਲੀ, "ਤੁਸੀਂ ਆਪ ਹੀ ਆਖਦੇ ਹੁੰਦੇ ਓ ਭੈਣ ਜੀ...ਜਿਹੜਾ ਸੱਚ ਬੋਲੇ ..ਉਸ ਨੂੰ ਮਾਰ ਨਹੀਂ ਪਵੇਗੀ । ...ਮੈਂ ਸੱਚ ਬੋਲਿਆ ਏ ਤੇ ਮੈਨੂੰ ਚਪੇੜ ਪਈ ਏ ਭੈਣ ਜੀ...।"

"ਸੱਚ ਬੋਲਿਆ ਏ ?...ਇਸ ਦਾ ਮਤਲਬ ਇਹ ਤਾਂ ਨਹੀਂ ਕਿ ਤੂੰ ਦੂਸਰਿਆਂ ਦੀ ਰੋਟੀ ਚੁੱਕ ਕੇ ਖਾ ਲਵੇਂ...ਹੈਂ...ਬੋਲ...ਸ਼ੀਲਾ ਨੇ ਨਹੀਂ ਸੀ ਰੋਟੀ ਖਾਣੀ ?..." ਅਧਿਆਪਕਾ ਦੰਦ ਕਰੀਚ ਰਹੀ ਸੀ ।

"ਨਹੀਂ ਭੈਣ ਜੀ...ਸ਼ੀਲਾ ਆਖਦੀ ਸੀ ਉਹ ਸਵੇਰੇ ਦਹੀਂ ਤੇ ਮੱਖਣ ਨਾਲ ਰੱਜ ਕੇ ਪਰੌਂਠੀਆਂ ਖਾ ਕੇ ਆਈ ਹੈ ।...ਉਸ ਨੂੰ ਭੁਖ ਨਹੀਂ । ਉਹ ਰੋਜ਼ ਕਹਿੰਦੀ ਹੈ ਕਿ ਉਹ ਏਨਾ ਕੁਝ ਖਾ ਕੇ ਆਉਂਦੀ ਹੈ ਕਿ ਉਸ ਨੂੰ ਅੱਧੀ ਛੁੱਟੀ ਭੁਖ ਹੀ ਨਹੀਂ ਲਗਦੀ...।" ਦੀਪਾਂ ਬੋਲਦੀ ਜਾ ਰਹੀ ਸੀ । ਹੰਝੂ ਕਿਰਦੇ ਜਾ ਰਹੇ ਸਨ ।

"...ਉਸ ਨੂੰ ਭੁੱਖ ਨਹੀਂ ਸੀ ਤੇ ਉਹ ਖੇਡਣ ਚਲੀ ਗਈ ।...ਤੇ ਮੈਂ ਸੱਚ ਬੋਲਦੀ ਹਾਂ ਭੈਣ ਜੀ...ਮੈਨੂੰ ਭੁਖ ਲੱਗੀ ਸੀ...ਮੈਂ ਕਲ੍ਹ ਸਵੇਰ ਦੀ ਰੋਟੀ ਨਹੀਂ ਸੀ ਖਾਧੀ...ਮੈਂ ਸੱਚ ਬੋਲਦੀ ਹਾਂ...।"

ਤੇ ਅਧਿਆਪਕਾ ਦਾ ਉੱਠਿਆ ਹੱਥ ਕੰਬ ਗਿਆ । ਉਸ ਦੇ ਅੰਦਰ ਜਿਵੇਂ ਰੁੱਗ ਭਰਿਆ ਗਿਆ । ਉਹ ਕੁਰਸੀ ਤੇ ਢਹਿ ਪਈ । ਕੁੜੀਆਂ ਨੂੰ ਦੌੜ ਜਾਣ ਲਈ ਕਹਿ ਕੇ ਉਸ ਦੀਪਾਂ ਨੂੰ ਕੋਲ ਬੁਲਾ ਲਿਆ । ਉਸ ਨੂੰ ਆਪਣੇ ਨਾਲ ਘੁਟਦੀ ਬੋਲੀ, "...ਬੇਟਾ ਤੇਰਾ ਸੱਚ ਬੜਾ ਵੱਡਾ ਹੈ...ਤੂੰ ਬਹੁਤ ਵੱਡਾ ਸੱਚ ਬੋਲਿਆ ਏ...ਕਾਸ਼ ! ਕੋਈ ਸੁਣ ਸਕੇ !"

ਤੇ ਹੁਣ ਜਦੋਂ ਅਧਿਆਪਕਾ ਨੇ ਪੁਸਤਕ ਖੋਲ੍ਹੀ—ਭਾਰਤ ਦੀ 'ਆਜ਼ਾਦੀ' ਦੇ ਇਤਿਹਾਸ ਦੀ ਪੁਸਤਕ—ਤਾਂ ਉਸ ਨੂੰ ਹਰ ਅੱਖਰ ਵਿਚੋਂ ਦੀਪਾਂ ਦਾ ਚਿਹਰਾ ਦਿਸਣ ਲੱਗਾ । ਭਾਰਤ ਦੀ 'ਆਜ਼ਾਦੀ' ਦੀ ਪੁਸਤਕ...ਜਿਸ ਵਿਚ ਸਦੀਆਂ ਦੀ ਘੁੱਪ ਹਨੇਰੀ ਰਾਤ ਦਾ ਜ਼ਿਕਰ ਤੇ ਫਿਰ 'ਆਜ਼ਾਦੀ' ਦਾ ਸੂਰਜ...

ਤੇ ਬਾਹਰ ਮੈਦਾਨ ਵਿਚ ਬੱਚੀਆਂ ਫੱਟੀਆਂ ਸੁਕਾ ਰਹੀਆਂ ਸਨ ।

"...ਸੂਰਜਾ ! ਸੂਰਜਾ !! ਫੱਟੀ ਸੁਕਾ
ਨਹੀਂ ਸੁਕਾਉਣੀ ਘਰ ਨੂੰ ਜਾ...
ਸੂਰਜਾ ! ਸੂਰਜਾ !! ਫੱਟੀ ਸੁਕਾ
ਨਹੀਂ ਸੁਕਾਉਣੀ ਘਰ ਨੂੰ ਜਾ..."

ਤੇ ਅਧਿਆਪਕਾ ਨੂੰ ਲੱਗਾ ਸਾਰੇ ਦੇਸ਼ ਦੀਆਂ ਦੀਪਾਂ ਵਰਗੀਆਂ ਕੁੜੀਆਂ ਨੇ ਉਸ ਦੇ ਹੱਥੋਂ ਭਾਰਤ ਦੀ 'ਆਜ਼ਾਦੀ' ਦੇ ਇਤਿਹਾਸ ਦੀ ਪੁਸਤਕ ਖੋਹ ਲਈ ਹੋਵੇ ਤੇ ਉਸ ਨੂੰ ਹਵਾ ਵਿਚ ਉਛਾਲ ਰਹੀਆਂ ਹੋਣ...ਤੇ ਕਹਿ ਰਹੀਆਂ ਹੋਣ...ਜੋ ਸੂਰਜ ਫੱਟੀ ਨਹੀਂ ਸੁਕਾ ਸਕਦਾ ...ਉਸ ਨੂੰ ਘਰ ਮੁੜ ਹੀ ਜਾਣਾ ਚਾਹੀਦਾ ਹੈ...ਉਸ ਨੂੰ ਘਰ ਮੋੜ ਹੀ ਦੇਣਾ ਚਾਹੀਦਾ ਹੈ।

# 3. ਅੱਗ ਦੀਆਂ ਅੱਖਾਂ

## ਮੁਖ਼ਤਾਰ ਗਿੱਲ

ਉਹਦਾ ਨਾਂ ਬਚਨ ਸਿਹੁੰ ਸੀ ਪਰ ਸਾਰੇ ਉਸ ਨੂੰ ਬਚਨਾ ਕਾਂਈਂ ਹੀ ਆਖਦੇ ਸਨ ਤੇ ਬਚਨਾ ਵੀ ਉਸ ਦੀ ਠੱਠੀ ਵਿਚ। ਆਂਢੀ ਗੁਆਂਢੀ ਸ਼ੰਗਾਰਾ, ਤਾਰਾ ਤੇ ਕਿਰਪਾ ਆਦਿ ਬਚਨਾ ਹੀ ਆਖਦੇ। ਬਾਕੀ ਜੱਟ ਜ਼ਿਮੀਂਦਾਰ ਤਾਂ ਸਿਰਫ ਕਾਂਈਂ ਹੀ ਆਖਦੇ...। ਹਾਂ ਕਦੀ ਕਦੀ ਬਚਨਾ ਜਾਂ ਬਚਨ ਸਿਹੁੰ ਵੀ ਆਖਦੇ ਜਦੋਂ ਕੋਈ ਬੜਾ ਵਡਾ ਕੰਮ ਕਰਵਾਉਣਾ ਹੋਵੇ—ਸ਼ਰਾਬ ਦੀ ਬੋਤਲ ਪਿਆ ਕੇ ਕਿਸੇ ਦੁਸ਼ਮਣ ਨੂੰ ਕਤਲ ਕਰਵਾਉਣ ਭੇਜਣ ਵਾਲੀ "ਮੰਗ" ਵਿਚ ਭੇਜਣਾ ਹੋਵੇ—ਸ਼ਰਾਬ ਆਪਣੀ ਹਵੇਲੀ 'ਚੋਂ ਫੜੀ ਗ਼ਈ ਹੋਵੇ ਤਾਂ ਪਵਾਉਣੀ ਬਚਨੇ ਤੇ ਹੋਵੇ, ਚਲਾਨ ਤੇ ਹੱਡ ਗੋਡੇ ਉਸ ਦੇ ਤੁੜਵਾਉਣੇ ਹੋਣ—ਬਲੈਕ ਦਾ ਫੇਰਾ ਲਵਾਉਣ ਜਾਂ ਗੋਲੀ ਖਾਣ ਭੇਜਣਾ ਹੋਵੇ ਤਾਂ 'ਸਰਦਾਰ ਬਚਨ ਸਿਹੁੰ' ਵੀ ਆਖਦੇ...ਤੇ ਫੇਰ ਵਿਚਾਰਾ "ਕਾਂਈਂ" ਦਾ 'ਕਾਂਈਂ' ਹੀ ਰਹਿੰਦਾ, ਪਤਾ ਨਹੀਂ 'ਸਰਦਾਰ' ਤੇ 'ਬਚਨ ਸਿਹੁੰ' ਕਿੱਥੇ ਲੁਕ ਜਾਂਦਾ......।

ਪਿੰਡ ਦੀ ਚੜ੍ਹਦੀ ਠੱਠੀ ਅੰਦਰਲੀ ਵੀਹੀ ਦੇ ਬਾਹਰ—ਛੱਪੜ ਕੰਢੇ ਬਚਨੇ ਦਾ ਕੱਚਾ ਕੋਠਾ ਸੀ। ਬਚਨੇ ਦੀ ਮਾਂ, ਭੈਣਾਂ-ਟੱਬਰ ਤੇ ਦੋ ਕੁੜੀਆਂ ਸਾਰੇ ਉਸੇ ਹੀ ਕੋਠੜੀ ਵਿਚ ਰਹਿੰਦੇ—ਸਲ੍ਹਾਬੇ ਤੇ ਗਿਲ ਨਾਲ ਕਚਿਆਣ ਜਿਹੀ ਆਉਂਦੀ ਤੇ ਗੰਦੀਆਂ ਜੁਲੀਆਂ ਦੀ ਬਦਬੂ ਹਨ੍ਹੇਰੇ ਵਿਚ ਗੁਵਾਚ ਜਾਂਦੀ। ਪਿਉ ਉਸ ਦਾ ਛੋਟੇ ਹੁੰਦੇ ਦਾ ਫਾਹੇ ਲਗ ਗਿਆ ਸੀ—ਜਦੋਂ ਰਸਾਲਦਾਰਾਂ ਨਾਲ ਆਬਤੀ ਲੱਗਾ ਸੀ ਤਾਂ ਇਕ ਰਾਤ ਉਹਨਾਂ ਆਪਣੇ ਇਕ ਦੁਸ਼ਮਣ ਨੂੰ ਬਚਨੇ ਦੇ ਪਿਉ ਦੀ ਬਰਛੀ ਨਾਲ ਕਤਲ ਕਰਵਾ ਦਿੱਤਾ ਸੀ ਤੇ ਬਾਅਦ ਖ਼ਰਚੋਂ ਖ਼ਿੱਸੀ ਵਟਣ ਕਰਕੇ ਉਹ ਫਾਹੇ ਲਗ ਗਿਆ ਸੀ...।

ਬਚਨਾ ਹੱਡਾਂ ਪੈਰਾਂ ਦਾ ਖੁਲ੍ਹਾ ਸੀ। ਪੌਣੇ ਛੇ ਫੁਟ ਕਦ—ਫੋਲਾਦੀ ਗਠਿਆ ਸਰੀਰ—ਗਹਿਰੀਆਂ ਲਾਲ ਅੱਖਾਂ—ਉੱਚੇ ਦੰਦ—ਲੰਮੇ ਲੰਮੇ ਬਢੱਬੇ ਜਿਹੇ ਪੈਰ ਜਿਨ੍ਹਾਂ ਦੀਆਂ ਬਾਰਾਂ ਮਹੀਨੇ ਬਿਆਈਆਂ ਪਾਟੀਆਂ ਰਹਿੰਦੀਆਂ ਪਰ ਕੰਮ ਕਰਕੇ ਹੱਥ ਸਖ਼ਤ। ਜਿਹੜੇ ਕੰਮ ਨੂੰ ਹਥ ਪਾਉਂਦਾ, ਕਰਕੇ ਛਡਦਾ। ਸਵੇਰੇ ਹਲ ਵਾਹੁਣੇ—ਇੰਜਣ ਛਡਣਾ—ਪੱਠੇ ਵਢਣੇ—ਲਿਆਉਣੇ—ਕੁਤਰਨੇ ਅਤੇ ਕਦੀ ਕਦੀ ਰਾਤ ਨੂੰ ਬੰਬੀ ਜਾਂ ਨਹਿਰ ਦਾ ਪਾਣੀ ਲਾਉਂਦਾ। ਹੱਡ ਭੰਨਵੀਂ ਕਮਾਈ ਕਰਦਾ ਤਾਂ ਜਾ ਕੇ ਰੋਟੀ ਪਾਣੀ ਤੁਰਦਾ...। ਬਚਨੇ ਦੀ ਮਾਂ, ਵਹੁਟੀ ਤੇ ਭੈਣਾਂ ਅੱਧੇ ਪਿੰਡ ਦਾ ਗੋਹਾ ਕੂੜਾ ਸੁਟਦੀਆਂ—ਸਿੱਟੇ ਚੁਗਦੀਆਂ—ਮਿਰਚਾਂ ਤੋੜਦੀਆਂ—ਕਪਾਹਾਂ ਚੁਣਦੀਆਂ ਅਤੇ ਹੋਰ ਸਭ ਮਿਹਨਤ ਮਜ਼ੂਰੀ ਕਰਦੀਆਂ...।

ਬਚਨੇ ਨੂੰ ਸਿਰਫ਼ ਕੰਮ ਦਾ ਹੀ ਸ਼ੌਕ ਸੀ ਪਰ ਲਾਗਲੇ ਮੇਲੇ ਜ਼ਰੂਰ ਜਾਂਦਾ—ਜਲੇਬ ਖਾਂਦਾ। ਆਉਂਦੀ ਵਾਰ ਬਲਦਾਂ ਲਈ ਮੇਲ੍ਹ ਤੇ ਇਕ ਖੂੰਡਾ ਜਾਂ ਡਾਂਗ ਜ਼ਰੂਰ ਲੈਂਦਾ। ਫੇਰ ਪਿੰਡ ਆ ਕੇ ਖ਼ਰੈਤੀ ਦੀ ਹਟੀਓਂ ਕੌੜੇ ਤੇਲ ਦੀ ਬੋਤਲ ਭਰਵਾ ਕੇ ਲਿਆਉਂਦਾ—ਉਹ ਬੋਤਲ ਤੇਲ ਦੀ ਭਰੀ ਦੇ ਮੂੰਹ ਵਿਚ ਡਾਂਗ ਜਾਂ ਖੂੰਡਾ ਫਸਾ ਕੇ ਕੰਧ ਨਾਲ ਖੜੀ ਕਰ ਦਿੰਦਾ। ਸਾਰਾ ਸਾਲ ਤੇਲ ਡਾਂਗ ਵਿਚ ਰਸਦਾ ਰਹਿੰਦਾ...। ਫੇਰ ਉਸ ਡਾਂਗ ਨੂੰ ਬਚਨਾ ਕੁਹਾੜੀ-ਟਕੂਏ ਦਾ ਫਾਲਾ ਜਾਂ ਬਰਛੀ ਲੁਵਾ ਲੈਂਦਾ...। ਇਹੋ ਹੀ ਸ਼ੌਕ ਸੀ ਵੰਨ ਸਵੰਨੇ ਸੋਟੇ ਰੱਖਣ ਦਾ, ਤੇ ਉਸ ਕੋਲ ਕਿਨ੍ਹੇ ਹੀ ਸੋਟੇ ਹੁੰਦੇ...।

ਪਿਛਲੇ ਸਾਲ ਬਚਨੇ ਦੇ ਪਿੰਡ ਤੋਂ ਚਾਰ ਕੁ ਮੀਲ ਹਟਵਾਂ ਕੱਲਰ ਕਿਸੇ ਸ਼ਹਿਰੀ ਕਾਰਖਾਨੇ-ਦਾਰ ਲਾਲੇ ਨੇ ਖ਼ਰੀਦ ਲਿਆ। ਪਾਣੀ ਵਾਂਗ ਪੈਸਾ ਖ਼ਰਚ ਕੀਤਾ। ਬਚਨਾ ਤੇ ਇਕ ਦੋ ਹੋਰ ਠੱਠੀ ਦੇ ਕਾਮੇ ਲਾਲੇ ਨਾਲ ਜਾ ਕੇ ਲਗ ਗਏ—ਬਚਨਾ, ਸ਼ੰਗਾਰਾ, ਕਿਰਪਾ ਤੇ ਤਾਰੂ। ਬਿਸ਼ਨੇ ਟਰੈਕਟਰ ਡਰਾਈਵਰ ਨੇ ਦੱਭ ਪੁੱਟ ਪੁੱਟ ਸੁਟ ਦਿੱਤੀ—ਪੈਸਾ ਗਾਲਿਆ ਗਿਆ—ਖਾਦਾਂ-ਪਾਣੀ-ਭੱਲ ਆਦਿ ਪਾਈ ਗਈ। ਕੱਲਰ ਮਾਰਿਆ ਗਿਆ। ਬੰਬੀ ਦਾ ਨੀਲੀ ਝਾਅ ਮਾਰਦਾ ਪਾਣੀ ਪੱਕੀਆਂ ਨਾਲੀਆਂ ਵਿਚ ਦੀ ਕੱਦੂ ਵਿਚ ਪੈ ਰਿਹਾ ਸੀ। ਸ਼ੰਗਾਰਾ ਪਨੀਰੀ ਦੀਆਂ ਮੁੰਨੀਆਂ ਪੁੱਟ ਪੁੱਟ ਕੇ ਕੱਦੂ ਵਿਚ ਸੁੱਟ ਰਿਹਾ ਸੀ।

ਬਚਨੇ ਦੀਆਂ ਅੱਖਾਂ ਅੱਗੇ ਪਿਛਲੇ ਦਿਨ ਵਾਲੀ ਗੱਲ ਆ ਰਹੀ ਸੀ। ਛੋਟੇ ਮਾਲਕ ਦੇ ਯਾਰ ਬੇਲੀ ਬੇਲਣਾਂ ਆਏ—ਬੰਬੀ ਦੇ ਵੱਡੇ ਸਾਰੇ ਚੁਬੱਚੇ ਉੱਪਰ ਵੱਡੀ ਸਾਰੀ ਛਤਰੀ ਤਾਣੀ ਗਈ ਸੀ। ਵਾਲਾਂ ਕਟਿਆਂ ਵਾਲੀਆਂ ਬਿਲਕੁਲ ਹੀ ਨੰਗੀਆਂ ਕੁੜੀਆਂ- ਤੇ ਛੋਟੇ ਮਾਲਕ ਦੇ ਯਾਰ ਵੀ ਕੁਝ ਹੋਰ ਹੀ ਤਰ੍ਹਾਂ ਦੇ ਕੱਛੇ ਪਾਈ ਤਲਾਅ ਵਰਗੇ ਚੁਬੱਚੇ ਵਿਚ ਨਹਾ ਰਹੇ ਸਨ।... ਪਾਣੀ ਵਿਚ ਹੀ ਜੱਫੀਆਂ ਪਾ ਲੈਂਦੇ......। ਬਾਹਰ ਨਿਕਲ ਕੇ ਪੈੱਗ ਲਾਉਂਦੇ...ਭੁਜਿਆ ਮੀਟ ਖਾਂਦੇ ਤੇ ਬਾਹਰ ਨਿਕਲ ਕੇ ਨੱਚਣ ਲਗ ਪੈਂਦੇ...ਫੇਰ ਹੋਰ ਅੱਗੇ ਵਧ ਗਏ ਤਾਂ ਸ਼ਰਮਿੰਦਾ ਹੋਇਆ ਬਚਨਾ ਉਰ੍ਹਾਂ ਆ ਗਿਆ—ਉਹ ਗੱਲ ਚੇਤੇ ਕਰ ਕੇ ਬਚਨਾ ਕੱਦੂ ਵਿਚ ਬੈਠ ਗਿਆ......।

ਬਚਨੇ ਨੇ ਝੋਨਾ ਲਾਉਂਦਿਆਂ ਜਦੋਂ ਬਾਕੀਆਂ ਨੂੰ ਇਹ ਗੱਲ ਦੱਸੀ ਤਾਂ ਇਕ ਵਾਰ ਸਾਰੇ ਹੀ ਕੱਦੂ ਵਿਚ ਬੈਠ ਗਏ। ਪੰਜ ਸਤ ਗੰਦੀਆਂ ਗਾਲ੍ਹਾਂ ਕਢ ਕੇ ਸਵਾਦ ਲੈਣ ਲਗ ਪਏ ਤੇ ਉਨ੍ਹਾਂ ਦੀਆਂ ਗਾਲ੍ਹਾਂ ਵਿਚ ਆਪਣੀ ਬੇਬੱਸੀ ਤੇ ਮਜਬੂਰੀ ਰਲੀ ਹੋਈ ਸੀ। ਉਨ੍ਹਾਂ ਦੀ ਸੋਚ ਇਥੋਂ ਤਕ ਅਜੇ ਗਈ ਹੀ ਨਹੀਂ ਸੀ ਕਿ ਇਹ ਐਸ਼ ਉਨ੍ਹਾਂ ਦੇ ਮੁੜ੍ਹਕੇ—ਉਨ੍ਹਾਂ ਦੇ ਰਲੇ ਖੇਤਾਂ ਵਿੱਚੋਂ—ਫ਼ਸਲਾਂ ਪੈਦਾ ਕਰਕੇ ਉਨ੍ਹਾਂ ਦੀ ਕਮਾਈ ਨਾਲ ਹੀ ਹੋ ਰਹੀ ਹੈ। ਕਿਰਤੀ ਸਦਾ ਪੂੰਜੀਪਤੀ ਨੂੰ ਪਾਲਦਾ ਆਇਆ ਹੈ। ਉਸ ਦੇ ਐਸ਼ ਅਰਾਮ ਲਈ ਧਨ ਪੈਦਾ ਕਰਦਾ ਆਇਆ ਹੈ। ਤਾਂ ਵੀ ਬਚਨਾ ਹੈਰਾਨ ਜ਼ਰੂਰ ਸੀ ਕਿ ਮਿਹਨਤ ਕਰਦਿਆਂ ਵੀ ਉਸ ਦੇ ਹਿੱਸੇ ਭੁੱਖ ਨੰਗ ਹੀ ਆਈ ਸੀ ਤੇ ਕੁਝ ਨਾ ਕਰਦਿਆਂ ਹੋਇਆਂ ਵੀ ਉਹ ਲੋਕ ਐਸ਼ ਕਰ ਰਹੇ ਸਨ।

ਦਿਨ ਤੁਰਦੇ ਗਏ। ਝੋਨੇ ਲਗ ਗਏ। ਨੰਦੀਣ, ਗੋਡੀ, ਘਾਹ-ਫੂਸ ਚੁਗਣ ਦਾ ਕੰਮ

ਖ਼ਤਮ ਹੋ ਗਿਆ। ਖਾਦੀਂ ਖਿਲਾਰੀਆਂ ਜਾਂਦੀਆਂ। ਸਪ੍ਰੇ ਕੀਤਾ ਜਾਂਦਾ। ਬੰਬੀ ਛੱਡਣ ਤੇ ਬੰਦ ਕਰਨ ਦਾ ਜ਼ਿੰਮਾ ਬਚਨੇ ਦਾ ਸੀ। ਪਰ ਜਦੋਂ ਹੀ ਬਚਨਾ ਬੰਬੀ ਚਲਾਉਣ ਬੰਬੀ ਵਲ ਜਾਂਦਾ ਤਾਂ ਅੱਗੇ ਉਹੋ ਹੀ ਖੇਡ ਖੇਡੀ ਜਾ ਰਹੀ ਹੁੰਦੀ—ਭਾਵੇਂ ਉਹ "ਖਿਡੌਣੀਆਂ" ਬਦਲਦੀਆਂ ਹੀ ਰਹਿੰਦੀਆਂ ਪਰ ਬਚਨੇ ਨੂੰ ਉਹ ਇਕੋ ਜਿਹੀਆਂ ਹੀ ਲਗਦੀਆਂ। ਉਹਨੂੰ ਕਿਹੜੀ ਕਿਸੇ ਦੀ ਪਹਿਚਾਣ ਸੀ। ਫੇਰ ਉਹ ਸੋਚਦਾ ਇਹ ਉਨ੍ਹਾਂ ਦੀ ਠੱਠੀ ਵਾਲੀ ਬ੍ਰੋਰੋ ਤੋਂ ਸੁਹਣੀਆਂ ਤਾਂ ਨਹੀਂ—ਹੁਣ ਨਹਾਤਿਆਂ ਇਨ੍ਹਾਂ ਦਾ ਸੁਰਖੀ ਪੌਡਰ ਲਥ ਜੂ ਗਿਆ ਹੈ। ਬ੍ਰੋਰੋ ਦੇ ਵੀ ਜੇ ਵਾਲ ਕਟੇ ਹੋਣ ਉਸ ਵੀ ਸੁਰਖ਼ੀ ਪੌਡਰ ਲਾਇਆ ਹੋਵੇ ਤਾਂ ਇਨ੍ਹਾਂ ਨਾਲੋਂ ਵੀ ਸੁਹਣੀ ਲਗੇ—ਹਾਂ ਇੱਥੇ ਬ੍ਰੋਰੋ ਕਟੇ ਵਾਲਾਂ ਵਾਲੀ ਮੇਮ ਕਿੱਥੇ ਬਣ ਸਕਦੀ ਹੈ ? ਬਚਨਾਂ ਨਿਸਰ ਰਹੇ ਝੋਨਿਆਂ ਵਲ ਚਲਾ ਗਿਆ।

ਦੁਸਹਿਰੇ ਦੇ ਲਾਗੇ ਚਾਗੇ—ਹਵਾ ਵਿਚ ਬਾਂਸਮਤੀਆਂ ਦੀ ਮਹਿਕ ਹਾਵੀ ਸੀ—ਮੁੰਜਰਾਂ ਦੇ ਭਾਰ ਨਾਲ ਨਾਲੀਆਂ ਲਿਫ਼ੀਆਂ ਹੋਈਆਂ ਸਨ। ਠੰਢ ਉਤਰ ਰਹੀ ਸੀ। ਬਚਨੇ ਹੋਰੀਂ ਚਾਹੁੰਦੇ ਸਨ ਦੀਵਾਲ਼ੀ ਤੋਂ ਪਹਿਲਾਂ ਝੋਨੇ ਵੱਢੇ ਜਾਣ ਤੇ ਝਾੜੇ ਜਾਣ...। ਝੋਨੇ ਵੱਢੇ ਗਏ ਝੋਨੇ, ਝਾੜੇ ਗਏ। ਲਾਲਿਆਂ ਚਾਲ ਚਲੀ। ਕਹਿਣ ਲਗੇ, 'ਮੰਡੀ ਵੇਚ ਕੇ—ਆ ਕੇ ਤੁਹਾਨੂੰ ਪੈਸੇ ਦੇ ਦਿਆਂਗੇ...ਸਾਰੇ ਝੋਨੇ ਦੇ ਭਰੇ ਟਰੱਕ ਮੰਡੀ ਵਲ ਤੁਰ ਪਏ। ਝੋਨੇ ਪਤਾ ਨਹੀਂ ਵਿਕ ਗਏ ਕਿ ਨਹੀਂ ਪਰ ਬਚਨੇ ਹੋਰਾਂ ਨੂੰ ਪੈਸੇ ਅਜੇ ਨਹੀਂ ਮਿਲੇ...।

ਪਿੰਡ ਦੇ ਜ਼ਿਮੀਂਦਾਰਾਂ ਵੀ ਬਚਨੇ ਤੇ ਦੂਸਰੇ ਕਾਮਿਆਂ ਦੇ ਟੱਬਰਾਂ ਦਾ ਗੋਹਾ ਕੂੜਾ ਛਡਵਾ ਲਿਆ ਸੀ—ਮਿਰਚਾਂ—ਕਪਾਹ ਆਦਿ ਵਲ ਜਾਣ ਹੀ ਨਹੀਂ ਸਨ ਦਿੰਦੇ। ਅਖੇ ਲਾਲਿਆਂ ਨਾਲ ਕਿਉਂ ਲੱਗੇ ਨੇ......।

ਬਚਨੇ ਹੋਰਾਂ ਨੂੰ ਝੋਨਾ ਚਾਹੀਦਾ ਸੀ— ਨਿਆਣੇ ਸਿਆਣੇ ਸਿਆਲ ਚੌਲ ਖਾਂਦੇ...ਪਰ ਇਧਰੋਂ ਕੁਝ ਵੀ ਨਾ ਮਿਲਿਆ।

......ਬੰਬੀ ਦੇ ਚੁਬੱਚੇ ਵਿਚ ਉਹੋ ਹੀ ਖੇਡ ਖੇਡੀ ਜਾ ਰਹੀ ਸੀ।

ਘਰਾਂ ਤੋਂ ਪਈਆਂ ਫਟਕਾਰਾਂ ਨੇ—ਬਚਨੇ, ਸ਼ੰਗਾਰੇ, ਕਿਰਪੇ ਆਦਿ ਦੇ ਹਥ ਟਕੂਏ, ਬਰਛੇ ਤੇ ਡਾਂਗਾਂ ਫੜਾ ਦਿਤੀਆਂ ਸਨ। ਅੰਞਾਣੇ ਭੁੱਖੇ ਸਨ—ਸਿਆਣੇ ਭੁੱਖੇ ਸਨ—ਉਹ ਕੀ ਖਾਣ......।

ਪੈਸੇ ਮੰਗਿਆਂ ਲਾਲਿਆਂ ਅਗੋਂ ਗਾਲ੍ਹਾਂ ਦਿੱਤੀਆਂ ਸਨ।

ਬਚਨੇ ਦੇ ਹੱਥ ਖੂੰਡੇ ਨੂੰ ਸਿਰ ਤੋਂ ਉਤਾਂਹ ਲੈ ਗਏ। 'ਸ਼ੰਗਾਰਿਆ ! ਅੱਜ ਵੇਖੀਂ ਕਿਹੜਾ ਲਾਲੇ ਦਾ ਲਾਲ ਮੇਰੇ ਇਕ ਖੂੰਡੇ ਦਾ ਵਾਰ ਝਲਦਾ ਹੈ...ਸਾਲੇ ! ਮੁੜ੍ਹਕੇ ਤੇ ਲਹੂ ਅਸੀਂ ਵਹਾਈਏ...ਹੱਡ ਅਸੀਂ ਗਾਲੀਏ—ਲਹੂ ਅਸੀਂ ਸਾੜੀ ਏ ਤੇ ਐਸ਼ਾਂ ਇਹ ਕਰਨ...। ਜ਼ਮੀਨ ਤਾਂ ਅਸੀਂ ਆਬਾਦ ਕੀਤੀ ਹੈ—ਸਾਡੀ ਹੈ !'

ਅੱਗ ਦੀਆਂ ਅੱਖਾਂ ਰੋਹ ਭਰੀਆਂ ਬਚਨੇ ਦੇ ਮਗਰ ਮਗਰ ਤੁਰ ਪਈਆਂ......।

ਮੁਖ਼ਤਾਰ ਗਿੱਲ ਦਾ ਪਹਿਲਾ ਕਹਾਣੀ-ਸੰਗ੍ਰਹਿ
ਆਖ਼ਰੀ ਤੂੜੀਆਂ

# 4. ਇਸ਼ਤਿਹਾਰ

ਲਖਬੀਰ ਮਾਂਗਟ

ਲਾਸ਼ ਕੋਲ ਪਏ ਇਸ਼ਤਿਹਾਰਾਂ ਨੇ ਇਹ ਗੱਲ ਪੱਕੀ ਕਰ ਦਿੱਤੀ ਕਿ ਕਤਲ ਨਕਸਲੀਆਂ ਨੇ ਕੀਤਾ ਹੈ। ਮੇਰਾ ਦਿਮਾਗ਼ ਚਕਰਾ ਗਿਆ। ਉਨ੍ਹਾਂ ਨੂੰ ਕੈਲੇ ਨਾਲ ਕੀ ਗੁੱਸਾ ਸੀ ? ਕੈਲਾ ਤਾਂ ਇਕ ਗ਼ਰੀਬ ਕਿਸਾਨ ਦਾ ਮੁੰਡਾ ਸੀ। ਉਹ ਤਾਂ ਗ਼ਰੀਬਾਂ ਦੇ ਹਮੈਤੀ ਸੁਣੇ ਜਾਂਦੇ ਨੇ।

ਮੈਂ, ਕੈਲਾ ਤੇ ਜੈਲਾ ਸਕੂਲ 'ਚ ਤਿੰਨੇ ਇਕੱਠੇ ਪੜ੍ਹਦੇ ਹੁੰਦੇ ਸਾਂ। ਕੈਲਾ ਤੇ ਮੈਂ ਪੱਕੇ ਯਾਰ ਸਾਂ ਪਰ ਜੈਲੇ ਨਾਲ ਸਾਡੀ ਘੱਟ ਹੀ ਬਣਦੀ ਹੁੰਦੀ ਸੀ। ਉਹਦੇ ਮਾਂ ਬਾਪ ਦਾ ਜਿਵੇਂ ਰੋਅਬ ਸਾਡੇ ਮਾਂ ਬਾਪ ਉੱਪਰ ਸੀ, ਜੈਲਾ ਉਹੀ ਰੋਅਬ ਸਾਡੇ ਉੱਤੇ ਵੀ ਠੋਸਣਾ ਚਾਹੁੰਦਾ ਸੀ। ਪਰ ਜਵਾਨ, ਅਣਖੀ ਦਿਲ ਕਦ ਕਿਸੇ ਦਾ ਰੋਅਬ ਝਲਦੇ ਨੇ।

ਦਸਵੀਂ ਪਾਸ ਕਰਨ ਤੋਂ ਬਾਅਦ ਮੈਂ ਕਾਲਿਜ ਪੜ੍ਹਨ ਲਗ ਗਿਆ। ਕੈਲੇ ਨੇ ਆਪਣੇ ਬੁੱਢੇ ਤੇ ਕਮਜ਼ੋਰ ਪਿਓ ਦਾ ਖੇਤੀ ਤੋਂ ਛੁਟਕਾਰਾ ਕਰਾ ਦਿੱਤਾ ਕਿਉਂਕਿ ਉਸ ਦਾ ਹੋਰ ਕੋਈ ਭਾਈ ਨਹੀਂ ਸੀ। ਜੈਲਾ ਵੀ ਖੇਤੀ ਵਿਚ ਹੀ ਫਸ ਗਿਆ। ਅਸਲ ਵਿਚ ਖੇਤੀ ਜੈਲਾ ਆਪ ਕਾਹਨੂੰ ਕਰਦਾ ਸੀ, ਬਸ ਵਿਹਲਾ ਪਿੰਡ ਵਿਚ ਲੱਤਾਂ ਮੁਨ ਕੇ ਗੇੜਾ ਦੇ ਛੱਡਦਾ। ਚਾਰ ਤਾਂ ਉਨ੍ਹਾਂ ਨਾਲ ਸੀਰੀ ਹੀ ਹੁੰਦੇ ਸਨ ਤੇ ਪੰਜਵਾਂ ਟਰੈਕਟਰ ਡਰਾਈਵਰ।

ਕੈਲੇ ਤੇ ਜੈਲੇ ਦਾ ਪਿੜ ਅਸਲ ਵਿਚ ਪਿੰਡ ਵਿਚਲੀ ਪੰਚਾਇਤੀ ਜ਼ਮੀਨ ਠੇਕੇ ਤੇ ਚੜ੍ਹਨ ਵੇਲੇ ਹੀ ਬੱਝਿਆ ਸੀ। ਪਹਿਲਾਂ ਪੰਚਾਇਤੀ ਜ਼ਮੀਨ ਜੈਲੇ ਹੋਰੀਂ ਠੇਕੇ 'ਤੇ ਬਹੁਤ ਸਸਤੀ ਲੈ ਜਾਂਦੇ ਸਨ, ਪਰ ਇਸ ਵਾਰ ਕੈਲਾ ਵੀ ਜ਼ਮੀਨ ਲੈਣੀ ਚਾਹੁੰਦਾ ਸੀ ਤੇ ਉਸ ਬੋਲੀ ਦਿੱਤੀ।

ਕੈਲੇ ਦਾ ਪਿਓ ਕੈਲੇ ਨੂੰ ਹਟਾਉਂਦਾ ਰਿਹਾ ਕਿ ਉਹ ਬੋਲੀ ਨਾ ਦੇਵੇ।

"ਚੁਪ ਕਰ ਕੈਲਿਆ। ਆਪਾਂ ਇਨ੍ਹਾਂ ਬਰੋਬਰ ਬੋਲੀ ਕਿਵੇਂ ਦੇ ਲਾਂ ਗੇ ? ਲੈ ਤਾਂ ਫਿਰ ਵੀ ਇਨ੍ਹਾਂ ਨੇ ਜਾਣੀ ਆਂ।"

"ਬਾਪੂ ਜਿੱਥੇ ਤਾਈਂ ਪੁਗਦੀ ਆ ਬੋਲੀ ਦੇਵਾਂ ਗੇ।"

ਅਖ਼ੀਰ ਬੋਲੀ ਜੈਲੇ ਦੇ ਨਾਂ ਤੇ ਹੀ ਟੁੱਟੀ।

ਰਾਤ ਨੂੰ ਜੈਲੇ ਅਤੇ ਉਹਦੀ ਮਾਸੀ ਦੇ ਮੁੰਡੇ ਨੇ ਸ਼ਰਾਬ ਪੀ ਕੇ ਕੈਲੇ ਦੇ ਘਰ ਮੂਹਰੇ ਬੱਕਰੇ ਬੁਲਾਏ। ਅਲਮ ਗਲਮ ਵੀ ਬਕਿਆ। ਕੈਲੇ ਨੇ ਅੰਦਰੋਂ ਨਿਕਲ ਕੇ ਉਨ੍ਹਾਂ ਨੂੰ ਹਟਾਇਆ ਤਾਂ ਜੈਲਾ ਗਾਲ੍ਹਾਂ ਬਕਣ ਲਗ ਪਿਆ। ਚਿੰਬੜ ਚੰਬੜਾਈ ਹੋ ਪਈ। ਕੱਠ ਹੋ ਗਿਆਂ ਤੇ ਲੋਕਾਂ ਹਟਾ ਦਿੱਤੇ। ਕੁਝ ਦਿਨ ਟਿਕ ਟਿਕਾ ਰਿਹਾ। ਸਾਰਿਆਂ ਸਮਝਿਆ ਕਿ ਗੱਲ ਆਈ ਗਈ ਹੋ ਗਈ।

ਕੈਲੇ ਦੀ ਕੁਝ ਸਾਲ ਪਹਿਲਾਂ ਆਖੀ ਗੱਲ ਮੈਨੂੰ ਚੇਤੇ ਆ ਗਈ।

"ਲਖੇ, ਤੈਨੂੰ ਕੀ ਪਤਾ, ਹਰ ਸੰਗਰਾਂਦ ਇੱਥੇ ਨਵਾਂ ਸ਼ਹਿਨਸ਼ਾਹ ਜੰਮਦਾ ਤੇ ਅਸੀਂ ਕਿਸੇ ਸ਼ਹਿਨਸ਼ਾਹ ਦੇ ਪੈਰ ਨਹੀਂ ਪੂਜਣੇ !"

ਕਮਜ਼ੋਰ ਨੂੰ ਉਠਦਾ ਦੇਖ ਅਮੀਰ ਜਰਦਾ ਨਹੀਂ। ਇਹੀ ਭੂਤ ਜੈਲੇ 'ਤੇ ਸਵਾਰ ਹੋ ਗਿਆ। ਅਠਵੀਂ ਰਾਤ ਨਹੀਂ ਪੈਣ ਦਿੱਤੀ ਕਿ ਸ਼ਰਾਬ ਪੀ ਕੇ ਫਿਰ ਕੈਲੇ ਕੇ ਘਰ ਮੂਹਰੇ ਅਵਾ-ਤਵ੍ਹਾ ਬੋਲਣ ਲਗ ਪਿਆ। ਡੇਢ ਸੌ ਏਕੜ ਜ਼ਮੀਨ ਦਿਮਾਗ਼ ਤੇ ਸਵਾਰ ਹੋਈ ਹੋਈ ਸੀ। ਕੁਦਰਤੀਂ ਕੈਲਾ ਘਰ ਨਹੀਂ ਸੀ ਤੇ ਝਗੜਾ ਹੋਣੋ ਬਚ ਗਿਆ।

ਕੈਲੇ ਦੀ ਲਾਸ਼ ਰਸਤੇ ਨਾਲ ਪੁੱਟੀ ਖਾਈ 'ਚ ਪਈ ਸੀ ਅਤੇ ਦੋ ਕੁ ਕਦਮਾਂ ਪਰ੍ਹਾਂ ਕੈਲੇ ਦਾ ਦਿਹਾੜੀਆ ਰਲਾ ਸਹਿਕਦਾ ਪਿਆ ਸੀ। ਉਥੋਂ ਹੀ ਇਸ਼ਤਿਹਾਰ ਮਿਲੇ :

"ਨਕਸਲਬਾਦ—ਜ਼ਿੰਦਾਬਾਦ। ਕਿਸੇ ਹੋਰ ਨੇ ਵੀ ਸਾਡੇ ਵਿਰੁੱਧ ਬੋਲਣ ਦੀ ਹਿੰਮਤ ਕੀਤੀ ਤਾਂ ਉਹ ਆਪਣੀ ਜ਼ਿੰਦਗੀ ਤੋਂ ਹੱਥ ਧੋ ਬੈਠੇ ਗਾ।"

ਰਲਾ ਹਸਪਤਾਲ ਦਾਖ਼ਲ ਕਰਾ ਦਿੱਤਾ ਗਿਆ।

ਕੈਲੇ ਦੇ ਪਿਓ ਨੇ ਜੈਲੇ 'ਤੇ ਆਪਣੀ ਸ਼ੱਕ ਦੱਸੀ ਪਰ ਉੱਥੇ ਪਏ ਇਸ਼ਤਿਹਾਰ ਇਸ ਗਲੋਂ ਇਨਕਾਰੀ ਸਨ। ਕੇਸ ਦੀ ਕਾਰਵਾਈ ਰਲੇ ਦੇ ਹੋਸ਼ 'ਚ ਆਉਣ ਤਕ ਰੁਕ ਗਈ।

ਚੌਥੇ ਦਿਨ ਰਲੇ ਨੂੰ ਹੋਸ਼ ਆਈ।

"ਰਲੇ, ਕਾਤਲਾਂ 'ਚੋਂ ਕਿਸੇ ਨੂੰ ਤੂੰ ਪਛਾਣ ਸਕਿਆ ਹੋਵੇਂ ਜਦ ਉਹ ਤੁਹਾਨੂੰ ਮਾਰਨ ਆਏ ਸਨ ?" ਪੁਲਸ-ਇਨਸਪੈਕਟਰ ਨੇ ਪੁਛਿਆ।

"ਹਾਂ ਜੀ ਹਾਂ, ਇਕ ਜੈਲਾ ਸੀ। ਮੂਹ ਸਿਰ ਤਾਂ ਉਹਦਾ ਲਪੇਟਿਆ ਹੋਇਆ ਸੀ ਪਰ ਉਹ ਕਹਿਦਾ ਸੀ ਕਿ ਕੈਲੇ ਨੂੰ ਜਾਨੋ' ਤਾਂ ਉਹ ਹੀ ਮਾਰੇ ਗਾ। ਨਾਲੇ ਜੀ ਉਹ ਕਹਿੰਦਾ ਸੀ 'ਸਾਲਾ ਭੈਣ—ਦਾ। ਸਾਡੇ ਬਰੋਬਰ ਬੋਲੀ ਦਿੰਦਾ। ਦੇਖ ਲੈ ਅਜ ਜੈਲੇ ਨੂੰ, ਫਿਰ ਤੇਰੀ ਅਲਖ ਮੁਕ ਜਾਣੀ ਆ। ਮਾਰ ਦੇ ਉਏ ਇਹਨੂੰ ਵੀ।' ਕੈਲੇ ਨੇ ਮੈਨੂੰ ਵੀ ਮਾਰ ਦੇਣ ਲਈ ਨਾਲ ਦਿਆਂ ਨੂੰ ਆਖਿਆ।" ਹਸਪਤਾਲ 'ਚ ਪਏ ਰਲੇ ਦਾ ਬਿਆਨ ਸੀ।

## 5. ਕੁਨੀਨ

(ਇੰਦੂ)

ਉਸ ਨੇ ਸਾੜ੍ਹੀਆਂ ਪਸੰਦ ਕਰਦਿਆਂ ਕਿੰਨਾ ਚਿਰ ਹੀ ਲਾ ਦਿੱਤਾ। ਉਹ ਜਿਹੜੀ ਵੀ ਸਾੜ੍ਹੀ ਚੁਣਦਾ, ਉਸ ਨੂੰ ਖ਼ਿਆਲ ਆ ਜਾਂਦਾ ਕਿ ਇਸ ਨਾਲ ਦੀ ਸਾੜ੍ਹੀ ਤਾਂ ਪਹਿਲਾਂ ਵੀ ਘਰ ਵਿਚ ਹੈ।

ਅਖੀਰ ਦੋ ਸਾੜ੍ਹੀਆਂ ਚੁਣੀਆਂ ਗਈਆਂ।

ਬਿਲ ਦੇ ਦਿੱਤਾ ਗਿਆ। ਬੰਡਲ ਲੈ ਉਹ ਦੁਕਾਨ ਤੋਂ ਬਾਹਰ ਆ ਗਿਆ। 'ਤੁਹਾਡੇ ਹੱਥ ਵਿਚ ਕੀ ਹੈ ?' ਦੁਕਾਨ ਤੋਂ ਬਾਹਰ ਖਲੋਤੇ ਇਕ ਆਦਮੀ ਨੇ ਪੁੱਛਿਆ।

'ਸਾੜ੍ਹੀਆਂ ਹਨ।' ਉਸ ਸੁਭਾਵਕ ਹੀ ਉੱਤਰ ਦਿੱਤਾ।

'ਕੀ ਮੈਂ ਦੇਖ ਸਕਦਾ ਹਾਂ ?' ਅਜਨਬੀ ਫਿਰ ਬੋਲਿਆ।

'ਕਿਉਂ ਨਹੀਂ, ਬੜੇ ਸ਼ੌਕ ਨਾਲ।' ਉਸ ਨੇ ਬੰਡਲ ਖੋਲ੍ਹ ਦਿੱਤਾ।

ਦੋ ਸਾੜ੍ਹੀਆਂ 'ਚੋਂ ਇਕ ਸਾੜ੍ਹੀ ਅਜਨਬੀ ਨੇ ਆਪਣੇ ਕੱਛੇ ਮਾਰ ਲਈ।

'ਹੁਣ ਤੁਸੀਂ ਜਾ ਸਕਦੇ ਹੋ।' ਅਜਨਬੀ ਹੁਕਮਰਾਨਾ ਲਹਿਜੇ ਵਿਚ ਬੋਲਿਆ।

'ਕੀ ਮੈਂ ਪੁਛ ਸਕਦਾਂ ਇਹ ਕਿਉਂ ?' ਸਾੜ੍ਹੀ ਦੇ ਫ਼ਿਕਰ ਵਿਚ ਉਹ ਬੋਲਿਆ।

'ਮੈਂ ਵੀ ਹਿੰਦੋਸਤਾਨੀ ਹਾਂ, ਮੇਰੀ ਬੀਵੀ ਘਰ ਵਿਚ ਨੰਗੀ ਬੈਠੀ ਹੈ; ਉਸ ਨੂੰ ਵੀ ਸਾੜ੍ਹੀ ਦੀ ਜ਼ਰੂਰਤ ਹੈ।' ਅਜਨਬੀ ਨੇ ਲਾਲ ਅੱਖਾਂ ਕੱਢੀਆਂ ਤੇ ਤੁਰ ਪਿਆ।

## 6. ਸੁਹਾਗ ਚੂੜੀ

ਅਰਵਿੰਦਰ

ਜਦ ਉਹ ਰੋੜੇ ਤੇ ਹਥੌੜਾ ਮਾਰਦੀ ਤਾਂ ਉਸਦੀਆਂ ਬਾਹਾਂ ਦੀਆਂ ਵੰਗਾਂ ਛਣਕ ਪੈਂਦੀਆਂ ਪਰ ਉਹ ਇਸ ਅਵਾਜ ਨੂੰ ਅਣਸੁਣੀ ਕਰ ਦਿੰਦੀ ਤੇ ਕੁਟੇ ਹੋਏ ਰੋੜਿਆਂ ਦੀ ਛੋਟੀ ਢੇਰੀ ਵੇਖਕੇ ਜ਼ੋਰ ਜ਼ੋਰ ਦੀ ਹਥੌੜ ਚਲਾਉਂਦੀ। ਆਖਰ ਉਸਨੇ ਹਥੌੜਾ ਮੋਟੇ ਰੋੜਿਆਂ ਦੇ ਢੇਰ ਉਤੇ ਸੁਟ ਦਿਤਾ ਤੇ ਦੋਵੇਂ ਹਥਾਂ ਨੂੰ ਉਪਰ ਚੁਕਕੇ ਅੰਗੜਾਈ ਭੰਨਣ ਲਗ ਪਈ, ਜਿਸਤਰ੍ਹਾਂ ਉਸਦੀ ਜੁਆਨੀ ਅਲੜ੍ਹਪੁਣੇ ਚੋਂ ਅੰਗੜਾਈਆਂ ਭਨਦੀ ਪਈ ਸੀ। ਫਰ ਉਸਨੇ ਆਪਣ ਹਥ ਹੇਠਾਂ ਨੂੰ ਕਰ ਲਏ ਤੇ ਅਚਨਚੇਤ ਉਸਦੀ ਦਰਿਸ਼ਟੀ ਉਸਦੇ ਹਥ ਤੇ ਰੁਕ ਗਈ ਤਕਦੀਰ ਦੀਆਂ ਲਕੀਰਾਂ ਵਿਚੋਂ ਮੁੜਕਾ ਵਹਿ ਰਿਹਾ ਸੀ, ਇਹ ਤਕਦੀਰ ਦੀਆਂ ਲਕੀਰ ਟੁੱਟ ਚੁਕੀਆ ਸਨ, ਤੇ ਪਸੀਨਾ ਸਾਰੇ ਹੱਥ ਨੂੰ ਲਵੇੜ ਰਿਹਾ ਸੀ। ਉਸਦਾ ਧਿਆਨ ਹੱਥ ਤੋਂ ਟੁਟਕੇ ਕੁਟੇ ਹੋਏ ਰੋੜਿਆਂ ਦੀ ਛੋਟੀ ਜਿਹੀ ਢੇਰੀ ਉਤੇ ਜੰਮ ਗਿਆ ਤੇ ਫਰ ਤੁਰ੍ਹਕੇ ਰੋੜਿਆਂ ਦੇ ਵਡੇ ਢੇਰ ਤੇ ਡਿਗ ਪਿਆ ਜਿਹੜੇ ਉਸਨੇ ਕੁਟਣੇ ਸਨ ਤੇ ਫੇਰ ਹਥਾਂ ਵਿਚ ਛਣਕਦੀਆਂ ਵੰਗਾਂ ਦੀ ਕੀਮਤ ਦੇਣੀ ਸੀ। ਇਹ ਸੋਚਦੇ ਸੋਚਦੇ ਉਸਦੀ ਰੂਹ ਭੀ ਮੁੜਕੋ ਮੁੜਕੀ ਹੋ ਚੁਕੀ ਸੀ! ਕੋਈ ਰੋਸ ਉਸਦੇ ਮਨ ਵਿਚ ਵਿਹੁ ਜਿਹੀ ਘੋਲ ਗਿਆ। ਉਸਦੇ ਰੋੜਿਆ ਤੇ ਡਿੱਗੇ ਹੋਏ ਹਥੌੜੇ ਦੇ ਦਸਤੇ ਨੂੰ ਫਿਰ ਅਪਣੇ ਮਜ਼ਬੂਤ ਹੱਥਾ ਵਿਚ ਫੜ ਲਿਆ। ਉਸਦਾ ਦਿਲ ਕੀਤਾ ਇਕ ਹਥੌੜਾ ਮੱਥੇ ਦੀਆ ਲਕੀਰਾਂ ਵਿਚ ਭੀ ਖਬ ਦੇਵਾ।

ਸੂਰਜ ਬਿਲਕੁਲ ਸਿਰ ਤੇ ਪਹੁੰਚ ਗਿਆ ਸੀ ਪਰ ਕੁਟ ਹੋਏ ਰੋੜਿਆਂ ਦੀ ਢੇਰੀ ਛੋਟੀ ਜਿਹੀ ਸੀ। "ਮਸਾਂ ਆਥਣ ਤਕ ਬਾਰਾ ਆਨਿਆਂ ਦੇ ਪੈਸੇ ਹੱਥ ਆਉਣਗੇ" ਉਸਨੇ ਦਿਲ ਵਿਚ ਅਨੁਮਾਨ ਲਾਇਆ। "ਜੇ ਅਜ ਮਾਂ ਆ ਜਾਂਦੀ ਖੌਰੇ ਇਹਨੇਂ ਕੁ ਪੈਸੇ ਹੋਰ ਬਣ ਜਾਂਦੇ।" ਬੁਢੀ ਬਿਮਾਰ ਮਾਂ ਦਾ ਚਿੱਤਰ ਉਹ ਮਨ ਵਿਚ ਉਲੀਕਣ ਲਗ ਪਈ...ਬਿਨਾ ਮਾਸ ਤੋਂ ਹੱਡਾ ਦੀ ਮੁੱਠੀ...ਸਿਰਫ ਪਿੰਜਰ...ਤੇ ਵਿਚ ਫੱਸੀ ਹੋਈ ਜਾਨ ਤੇ ਉਤੋਂ ਕਿਹਨਾਂ ਸਖਤ ਧੰਦਾ...ਸੋਚਦੇ ਸੋਚਦੇ ਉਸਦਾ ਜਿਹਨ ਭੀ ਜ਼ਖਮੀਂ ਹੋਇਆ ਸੀ। ਫੇਰ ਉਸਨੇਂ ਆਪਣੇਂ ਜਿਸਮ ਵਲ ਭੀ ਝਾਤ ਮਾਰੀ...ਗੋਲ ਮੋਲ ਬਾਹਾਂ, ਲੰਮੀਆਂ ਲੰਮੀਆਂ ਫਲੀਆਂ ਵਰਗੀਆਂ ਉਂਗਲਾ, ਲੰਮਾਂ ਕੱਦ, ਪਤਲਾ ਲੱਕ ਤੇ ਲੱਕ ਦੇ ਖ਼ਮ ਤਕ ਲਟਕਦੇ ਕਾਲੇ ਵਾਲ ਉਸਦੇ ਅੰਗ ਵਿਚੋਂ ਜੁਆਨੀਂ ਨਚਦੀ ਟਪਦੀ ਲੱਗਦੀ ਸੀ ਤੇ ਨਾ ਹੀ ਉਸਦੇ ਚੀਥੜਿਆਂ ਵਿਚੋਂ ਗੁੱਝੀ ਰਹਿੰਦੀ ਦਿਸਦੀ ਸੀ। ਕਦੇ ਕਦੇ ਉਸਦੇ ਕੰਨੀਂ ਭਿਣਕ ਪੈ ਜਾਂਦੀ...ਧਰਮੋਂ ਬਣੀ ਤਣੀਂ ਆਪਣੀਂ ਮਾਂ ਪ੍ਰਮੇਸਰੀ ਏ...ਸਿਰਤੋਂ ਪੈਰਾਂ ਤਕ...ਤੇ ਉਸਦਾ ਕਲੇਜਾ ਜਣੀਂ ਵਲੂੰਦਰਿਆ ਜਾਂਦਾ। ਉਹ ਆਪਣੀਂ ਮਾਂ ਨੂੰ ਜਵਾਨੀਂ ਵਿਚ ਰੋੜੇ ਕੁਟਦੀ ਨੂੰ ਕਿਆਸਣ ਲਗ ਪੈਂਦੀ। ਫੇਰ ਉਸਦੀ ਬੁਢੀ ਮਾਂ ਭੀ ਰੋੜੇ ਕੁਟਦੀ ਹੁੰਦੀ ਤੇ ਉਸਦ ਹਥ ਵਿਚ ਲੋਹੇ ਦਾ ਹਥੌੜਾ ਹੁੰਦਾ ਮੂਹਰੇ ਰੋੜਿਆਂ ਦੇ ਢੇਰ ਹੁੰਦੇ। ਇਸ ਖਿਆਲ ਵਿਚ ਡੁੱਬੀ ਹੋਈ ਗਰਮੀਂ ਦਾ ਦਮ ਘੁਟ ਜਾਂਦਾ.. ਮਾਂ ਵਾਂਗ ਮੇਰੀ ਜੁਆਨੀਂ ਭੀ ਇਹਨਾਂ ਰੋੜਿਆਂ ਨੇਂ ਭੰਨ ਸੁੱਟਣੀਂ ਏ ਇਸ ਹਥੌੜੇ ਦੀ ਦਸਤੀ ਨੇਂ ਚੂੰਡ ਲੈਣੀਂਏ। ਜਿਉਂ ਜਿਉਂ ਉਹ ਸੋਚੀਂ ਪੈਂਦੀ ਰਹੀ ਉਸਦੇ ਹਥੌੜੇ ਦੀ ਰਫਤਾਰ ਢੈਲੀ ਹੁੰਦੀ ਰਹੀ। ਉਸਦੇ ਕੰਨਾਂ ਵਿਚ ਇਕ ਅਵਾਜ਼ ਗੂੰਜ ਰਹੀ ਸੀ...ਬੰਗਾਂ ਚੜਾ ਲੈ ਕੁੜੇ ਬੰਗਾਂ ਤੇ ਉਹ ਆਪਣੇ ਆਪ ਵਿਚ ਮੁਸਕਰਾ ਪਈ...ਉਸਦੇ ਦਿਲ ਅੰਦਰ ਪਿਆਰਦੀ ਮਹਿਕ ਉਭਰ ਉੱਠੀ।...ਪਰ ਫੇਰ ਉਸਦੀ ਨਿਗਾਹ ਕੁਟੇ ਹੋਏ ਰੋੜਿਆਂ ਤੇ ਫੇਰ ਟਿਕ ਗਈ...ਛੋਟੀ ਜਿਹੀ ਢੇਰੀ...ਓੜੀ ਦੀ ਓੜੀ ਉਹਨੂੰ ਦਿਸਣ ਲਗ ਪਈ ਤੇ ਉਸਦੀ ਬੁਢੀ ਬਿਮਾਰ ਮਾਂ ਦਾ ਦ੍ਰਿਸ਼ ਭੀ ਉਸਦੀਆ ਅਖਾਂ ਦੇ ਅਗੋਂ ਲੰਘ ਰਿਹਾ ਸੀ।...ਬਾਰਾਂ ਆਨਿਆਂ ਤੋਂ ਵੱਧ ਨੀਂ ਕੁਝ ਭੀ ਵਟਿਆ ਜਾਂਦਾ' ਸੋਚਦੇ ਸੋਚਦੇ ਉਸਦੀ

ਰੂਹ ਫਟੜ ਹੋ ਗਈ ਜਾਪਦੀ ਸੀ। 'ਕਿਵੇਂ ਉਤਰਨੇਂਗੇ ਪੈਸੇ ?' ਉਸਦੇ ਆਪਨੇ ਉਹਨੂੰ ਪ੍ਰਸਨ ਕਰ ਦਿਤਾ। ਫੇਰ ਉਸਦਾ ਖਿਆਲ ਚਾਵਾਂ ਨਾਲ ਚੜਾਈਆਂ ਹੋਈਆਂ ਵੰਗਾਂ ਵਲ ਮੁੜ ਪਿਆ। ਉਸਨੇਂ ਸਾਰੇ ਜ਼ੋਰ ਨਾਲ ਹਥੌੜਾ ਇਕ ਰੋੜ ਤੇ ਜੜ ਦਿਤਾ। ਤੇ ਉਸਦੇ ਦਿਲ ਦੇ ਟੁਕੜਿਆਂ ਵਾਂਗ ਰੋੜ ਦੇ ਨਿਕੇ ਨਿਕੇ ਟੁਕੜੇ ਹੋ ਗਏ ਸਨ। ਹੁਣ ਫੇਰ ਰੋਜ਼ ਵਾਲਾ ਹੋਕਾ ਸਰਵਣ ਨੇ ਮਾਰ ਦਿਤਾ...ਬੰਗਾਂ ਚੜਾ ਲੋ ਕੁੜੇ ਬੰਗ...

ਜਦੋਂ ਉਸਨੇਂ ਇਸ ਰਾਹ ਤੋਂ ਲੰਘਣਾਂ ਤਾਂ ਧਰਮੋਂ ਦਾ ਦਿਲ ਬੰਗਾਂ ਦੇ ਟੋਕਰੇ ਨੂੰ ਵੇਖਕੇ ਲਲਚਾ ਉਠਦਾ।...ਹਰੀਆਂ ਵੰਗਾਂ...ਪੀਲੀਆਂ ਵੰਗਾਂ...ਸੁਨਹਿਰੀ ਵੰਗਾਂ ਦਾ ਟੋਕਰਾ ਉਹਦੀਆਂ ਅੱਖਾਂ ਅਗੋਂ ਲੰਘਦਾ ਤੇ ਉਸਦੇ ਦਿਲ ਅੰਦਰ ਖੋਹ ਜਿਹੀ ਪੈਂਦੀ ਉਹ ਮਾਂ ਨੂੰ ਆਖਦੀ...'ਵੇਖ ਮਾਂ ਕਿਨੀਆਂ ਸੋਹਣੀਆਂ ਬੰਗਾਂ ਨੇ...' 'ਕਮਲੀਏ ਸੋਹਣੀਆਂ ਬੰਗਾਂ ਦਾ ਤੈਨੂੰ ਕੀ ਭਾਅ' ਆਥਣ ਦੇ ਟੁਕੜਿਆਂ ਦੀ ਗਲ ਕਰ, ਮਾਂ ਖਿਝਕੇ ਬੋਲਦੀ ਤੇ ਮਾਂ ਦਾ ਜਵਾਬ ਸੁਣਦਿਆਂ ਧਰਮੋਂ ਗੁਸੇ ਵਿਚ ਕਿਸੇ ਰੋੜੇ ਤੇ ਹਥੌੜਾ ਮਾਰਦੀ। ਉਹਨੂੰ ਦਿਲ ਉਤੇ ਭੀ ਕਿਸੇ ਹਥੌੜੇ ਦੀ ਚੋਟ ਅਨੁਭਵ ਹੁੰਦੀ ਸੀ ਤੇ ਫੇਰ ਇਕ ਹਉਕਾ ਨਿਕਲ ਜਾਂਦਾ।

ਰੋਜ਼ ਇੰਜ ਹੀ ਹੁੰਦਾ। ਵੰਗਾਂ ਦਾ ਹੋਕਾ ਉਸਦੇ ਕੰਨਾ ਵਿਚ ਗੂੰਜ ਪੈਂਦਾ। ਵੰਨ ਸੁਵੰਨੀਆਂ ਵੰਗਾਂ ਦਾ ਟੋਕਰਾ ਉਸਦੀਆਂ ਅਖਾਂ ਅਗੋਂ ਲੰਘ ਜਾਂਦਾ ਤੇ ਉਹਦੇ ਦਿਲ ਵਿਚੋਂ ਹੋਕਾ ਭੀ ਉਠ ਖਲੋਂਦਾ। ਪਰ ਇਹ ਕੁੜੀ ਦਾ ਹੋਕਾ ਮਾਰਣ ਤੋਂ ਭੀ ਗੁਝਿਆ ਨਹੀਂ ਸੀ ਰਿਹਾ। ਖੌਨੀ ਉਸਦੇ ਦਿਲ ਅੰਦਰ ਭੀ ਕੋਈ ਹਉਕਾ ਉਠਦਾ ਸੀ ਤਦ ਹੀ ਤਾਂ ਉਹਨੂੰ ਕਿਸੇ ਹੋਰ ਦੇ ਹੋਕਿਆਂ ਦਾ ਇਲਮ ਸੀ। ਹੁਣ ਧਰਮੋਂ ਚਮਕਦੀਆਂ ਵੰਗਾਂ ਦੇ ਨਾਲ ਸਰਵਣ ਦੀਆਂ ਲਿਸ਼ਕਦੀਆਂ ਅੱਖਾਂ ਵਲ ਭੀ ਝਾਤ ਮਾਰ ਵਹਿੰਦੀ। ਇੰਜ ਉਸਨੂੰ ਕਰਨਾ ਪੈਂਦਾ ਖੌਨੀਂ ਕਿਹੜੀ ਮਜਬੂਰੀ ਸੀ। ਹਰ ਫੇਰੀ ਵਿਚ ਉਹਨਾਂ ਦੇ ਨੈਣਾਂ ਦੇ ਚੁੰਜ ਪੇਂਚੇ ਅਕਸਰ ਪੈਂਦੇ ਹੀ ਰਹਿੰਦੇ ਤੇ ਫੇਰ ਪਰਮੇਸਰੀ ਦੀਆਂ ਨਜ਼ਰਾਂ ਤੋਂ ਭੈ ਖਾਕੇ ਨੈਣਾਂ ਦੇ ਨਾਜ਼ਕ ਚੁੰਜ ਪੇਂਚ ਸਹਿਜੇ ਜਿਹੇ ਖੁਲ ਭੀ ਜਾਂਦੇ।

'ਬੰਗਾਂ ਚੜਾਉਂਣੀਆਂ ਨੇ ਕੁੜੀਏ।' ਇਕ ਵਾਰ ਸਰਵਣ ਉਹਨਾਂ ਦੇ ਕੋਲ ਜ਼ਰਾ ਕੁ ਪੈਰ ਮਸਲਦਿਆ ਖਲੋ ਗਿਆ। ਧਰਮੋਂ ਤ੍ਰਬਕ ਜਿਹੇ ਗਈ, ਕਿਸੇ ਭੈ ਨਾਲ ਨਹੀਂ, ਸਿਰਫ ਇੰਜ ਜਿਵੇਂ ਉਸਦੇ ਜਿਸਮ ਦੇ ਹਰ ਅੰਗ ਵਿਚ ਅਚਨਚੇਤ ਕੁਤਕੁਤੀ ਉਠ ਖਲੋਤੀ ਹੋਵੇ। ਫੇਰ ਉਸਨੇ ਇੰਜ ਅੱਖਾਂ ਪੁਟੀਆਂ...ਜਿਦਾਂ ਗੂੜੇ ਨਸ਼ੇ ਵਿਚ ਉਂਘਲਾ ਰਹੀਆਂ ਹੋਣ। ਹੁਣ ਉਸਦੀਆਂ ਨਿਗਾਹਾਂ ਪੀਲੀਆਂ ਹਰੀਆਂ ਤੇ ਸੁਨਹਿਰੀ ਬੰਗਾਂ ਵਲ ਨਹੀਂ ਸਨ ਤਕ ਰਹੀਆਂ, ਬਸ ਸਿਰਫ ਦਗਦੀਆਂ ਅੱਖਾਂ ਨੂੰ ਹੀ ਤਕ ਰਹੀਆਂ ਸਨ।

"ਮਾਂ ਮੈਂ ਤਾਂ ਬੰਗਾਂ ਚੜਾਉਂਣੀਆਂ ਨੇਂ।" ਧਰਮੋਂ ਨੇਂ ਪ੍ਰਮੇਸਰੀ ਵਲ ਤਕ ਕੇ ਕਿਹਾ। ਉਸਦੇ ਬੋਲਾਂ ਵਿਚ ਦ੍ਰਿੜਤਾ ਸੀ। ਸ਼ਾਇਦ ਉਹਨੂੰ ਵੰਗਾਂ ਚੜਾਉਣ ਦਾ ਏਨਾ ਚਾਅ ਨਾਂ ਹੋਵੇ ਜਿਹਨਾਂ ਸਰਵਣ ਦੇ ਹਥੋਂ ਚੜਵਾਉਂਣ ਦਾ ਉਹਨੂੰ ਚਾਅ ਰਹਿ ਗਿਆ ਸੀ।

ਕੁੜੀਏ ਨੀਂ...ਦੱਸ ਕਿਥੋਂ ਚੜਾ ਦਿਆਂ।

"ਨਹੀਂ ਮਾਂ...ਮੈਨੀਂ।" ਕੁੜੀ ਨੇ ਬੁਲ ਟੇਰ ਲਏ।

"ਕੋਈ ਨਾਂ ਅੰਬੋਂ। ਪੈਸੇ ਕਲ ਨੂੰ ਦੇ ਦੇਈਂ ਤੁਸੀਂ ਕਿਹੜਾ ਭੱਜ ਜਾਣੈਂ।" ਸਰਵਣ ਦੇ ਮੂਹੋਂ ਨਿਕਲ ਗਿਆ। ਸ਼ਾਇਦ ਉਹਨੇਂ ਵੰਗਾਂ ਬੇਚਣੀਆਂ ਨਹੀਂ ਸਨ. ਬਸ ਧਰਮੋਂ ਦੇ ਹਥਾਂ ਵਿਚ ਚੜਾਉਂਣੀਆਂ ਹੀ ਸੀ।

"ਹੌਲੀ ਲਹਾਈਂ
ਕੁੜੀਏ, ਵੇਖੀਂ
ਕਿਤੇ ਟੋਕਰਾ
ਟੇਢਾ ਹੋ ਜੇ,
ਕਿਤੇ ਵੰਗਾਂ
ਟੁੱਟ ਜਾਣ,"
ਇਹ ਕਹਿਕੇ
ਉਹ ਬੁਲਾਂ 'ਚ
ਮੁਸਕਰਾ ਪਿਆ
..............
..............
........

"ਹਾਂਹੋ ਮਾਂ...ਕਲ ਨੂੰ ਦੇ ਦਿਆਂਗੇ। ਮੈਂ ਕਲ ਨੂੰ ਸਦੇਹਾਂ ਹੀ ਆਵਾਂਗੀ ਤੇ ਕਾਫੀ ਲੇਟ ਜਾਵਾਂਗੀ। ਬੰਗਾਂ ਜੋਗੇ ਪੈਸੇ ਜ਼ਰੂਰ ਬਣਾ ਦਿਆਂਗੀ।" ਮਾਂ ਦੇ ਬੋਲਾਂ ਦੀ ਉਡੀਕ ਕਰੇ ਬਿਨਾਂ ਹੀ ਉਹ ਤਿਆਰ ਹੋ ਗਈ ਤੇ ਬੁਢੀ ਦਾ ਦਿਲ ਭੀ ਪਸੀਜ ਗਿਆ। ਧਰਮੋਂ ਝਟ ਸਰਵਣ ਦੇ ਸਿਰ ਤੋਂ ਟੋਕਰਾ ਲੁਹਾਉਂਣ ਲਗ ਪਈ।

"ਹੋਲੀ ਲਹਾਈਂ ਕੁੜੀਏ, ਵੇਖੀਂ ਕਿਤੇ ਟੋਕਰਾ ਟੇਡਾ ਹੋ ਜੇ, ਕਿਤੇ ਵੰਗਾਂ ਟੁਟ ਜਾਣ।" ਇਹ ਕਹਿਕੇ ਉਹ ਬੁਲਾਂ 'ਚ ਮੁਸਕਰਾ ਪਿਆ। ਉਸਨੂੰ ਇੰਜ ਮਹਿਸੂਸ ਹੋਇਆ ਸ਼ਾਇਦ ਉਹਨਾਂ ਦੇ ਸਾਹ ਇਕ ਦੂਜੇ ਨਾਲ ਟਕਰਾ ਗਏ ਨੇਂ, ਨਹੀਂ ਸਾਂਝੇ ਹੋ ਗਏ ਨੇਂ।

ਸਰਵਣ ਤੁਰ ਗਿਆ। ਧਰਮੋਂ ਜਦੋਂ ਰੋੜਿਆਂ ਤੇ ਹਥੌੜਾ ਮਾਰਦੀ ਤਾਂ ਉਸਦੀਆਂ ਵੰਗਾਂ ਛਣਕ ਪੈਂਦੀਆਂ। ਉਸਦੇ ਕੰਨਾਂ ਵਿਚ ਕੋਈ ਮਧੁਰ ਸੰਗੀਤ ਟੁਣਕ ਪੈਂਦਾ। ਕੋਈ ਹਸੀਨ ਰਾਗ ਛਿੜ ਪੈਂਦਾ। ਉਸਨੂੰ ਅਪਣਾ ਜਿਸਮ ਹੋਲਾ ਹੋਲਾ ਜਿਹਾ ਜਾਪਣ ਲਗ ਪਿਆ ਸੀ। ਡੂੰਘੀਆਂ ਸੋਚਾਂ ਵਿਚ ਪਈ ਮੁਸਕਰਾ ਰਹੀ ਸੀ। ਉਸਦੇ ਨੈਂਣਾਂ ਦੀ ਦਰਿਸ਼ਟੀ ਵਾਰ ਵਾਰ ਹਥਾਂ ਵਿਚ ਛਣਕਦੀਆਂ ਵੰਗਾਂ ਤੇ ਜੰਮ ਜਾਂਦੀ। ਜਦ ਉਹ ਸੁਹਾਗ ਚੂੜੀ ਨੂੰ ਵੇਖਦੀ ਤਾਂ ਉਸਦੀਆਂ ਅੱਖਾਂ ਅਗੇ ਸਰਵਣ ਦਾ ਕਲਪਤ ਵਜੂਦ ਦਿਸ ਪੈਂਦਾ। ਸੋਚਦੇ ਸੋਚਦੇ ਉਹਦੇ ਹਥੌੜੇ ਦੀ ਗਤੀ ਘਟ ਜਾਂਦੀ ਪਰ ਜਦੋਂ ਉਸਦੀ ਦਰਿਸ਼ਟੀ ਵੰਗਾਂ ਤੋਂ ਟੁਟ ਕੇ ਰੋੜਿਆਂ ਦੀ ਢੇਰੀ ਤੇ ਪੈਂਦੀ ਤਾਂ ਉਸਦੇ ਹੱਥ ਭੀ ਛੋਹਲੇ ਹੋ ਜਾਂਦੇ।

ਅੱਜ ਉਸਦੇ ਹਥਾਂ ਵਿਚ ਵੰਗਾਂ ਛਣਕਦੀਆਂ ਹੋਣੀਆਂ ਨੇ, ਉਸਦੇ ਹਥ ਕਿਨੇਂ ਸੋਹਣੇਂ ਹੋਣਗੇ। ਸਰਵਣ ਦੂਰੋਂ ਹੀ ਸੋਚਦਾ ਤੁਰਿਆ ਆ ਰਿਹਾ ਸੀ। ਧਰਮੋਂ ਦੇ ਹਥ ਵਿਚ ਹਥੌੜਾ ਸੀ। ਉਹ ਜ਼ੋਰ ਜ਼ੋਰ ਦੀ ਰੋੜਿਆਂ ਤੇ ਵਹਾ ਰਹੀ ਸੀ। ਧਰਮੋਂ ਦੀ ਟੁਟੇ ਹੋਏ ਰੋੜਿਆਂ ਦੀ ਢੇਰੀ ਛੋਟੀ ਸੀ। ਵੰਗਾਂ ਪੈਸੇ ਪੂਰੇ ਕਰਨ ਜੋਗਾ ਕੰਮ ਨਹੀਂ ਹੋ ਸਕਿਆ ਉਸਦੇ ਜ਼ਿਹਨ ਅੰਦਰ ਇਹ ਸੁਆਲ ਸੀ ਧਰਮੋਂ ਨੇਂ ਪੂਰੇ ਜ਼ੋਰ ਨਾਲ ਹਥੌੜਾ ਇਕ ਵੱਡੇ ਰੋੜੇ ਤੇ ਮਾਰਿਆ ਤੇ ਰੋੜਾ ਬੁੜ੍ਹਕ ਕੇ ਧਰਮੋਂ ਦੀਆਂ ਛਣਕਦੀਆਂ ਵੰਗਾਂ ਤੇ ਆ ਵਜਿਆ। ਚਾਵਾਂ ਨਾਲ ਚੜ੍ਹਾਈਆਂ ਵੰਗਾਂ ਚੂਰਾ ਚੂਰਾ ਹੋ ਗਈਆਂ। ਉਸਦਾ ਹਥੌੜਾ ਉਸਦੇ ਹਥੋਂ ਛੁਟ ਪਿਆ। ਸਰਵਣ ਹਸਰਤ ਭਰੀ ਨਜ਼ਰ ਨਾਲ ਧਰਮੋਂ ਦੇ ਸਖਣੇ ਹਥਾਂ ਨੂੰ ਵੇਖ ਰਿਹਾ ਸੀ ਤੇ ਉਹ ਟੁੱਟੇ ਹੋਈ ਸੁਹਾਗ ਚੂੜੀ ਵਲ...

TEL. 254-5211

PACIFIC 66 DEALER

We care
about you
and your car
That's a promise

**GRANDVIEW PARK PACIFIC 66**

COMPLETE AUTOMOTIVE SERVICE
COMPLETE LINE OF PARTS AND ACCESSORIES

MATLOOB KHAN
MANAGER

1280 COMMERCIAL DRIVE
VANCOUVER, B.C.

## ਪਿਆਰ-ਫੁਲਵਾੜੀ

**(ਅਮਰ ਕੋਮਲ)**

ਆ ਸੋਹਣੀਏ ਹੁਸਨ ਇਸ਼ਕ ਦੀ, ਇੱਕ ਫੁਲਵਾੜੀ ਲਾਈਏ ਨੀਂ ।
ਰੂਪ-ਕਟੋਰੇ ਵਿੱਚ ਪਿਆਰ ਦਾ, ਅਜ ਅੰਮ੍ਰਿਤ ਛਲਕਾਈਏ ਨੀਂ ।
ਬੀਜ ਲਈਏ ਸ਼ਗਨਾਂ ਦਾ ਚੰਬਾ, ਨੂਰ ਦੇ ਫੁੱਲ ਉਗਾਈਏ ਨੀਂ ।
ਜੋਬਨ ਦਾ ਲਾ ਮਰੂਆ ਉੱਚਾ, ਸੁੱਚੀ ਮਹਿਕ ਖਿੜਾਈਏ ਨੀਂ ।
ਦੁਧੋਂ ਚਿੱਟੀਆਂ ਕਲੀਆਂ ਲੈ ਕੇ, ਦਿਲ ਦੀ ਰੀਝ ਮਿਟਾਈਏ ਨੀਂ ।
ਆਸਾਂ ਦਾ ਇੱਕ ਗੁਲਾਬ ਲਿਆਕੇ, ਉਸ ਸੰਗ ਮਨ ਪਰਚਾਈਏ ਨੀਂ ।
ਪਿਆਰ ਦਾ ਸੂਰਜ-ਮੁੱਖੀਆ ਲਾਕੇ, ਰੂਪ ਦਾ ਅਰਘ ਚੜ੍ਹਾਈਏ ਨੀਂ ।

ਦਿਲੀ-ਸਿਰੜ ਦਾ ਬੋਹਰ ਲੈ ਕੇ, ਕਰੀਏ ਵਾੜ ਕੰਡਿਆਲੀ ਨੀਂ ।
ਵਫ਼ਾ ਦਾ ਪਾਣੀ ਉਸ ਨੂੰ ਲਾਈਏ, ਰਹੇ ਸਦਾ ਹਰਿਆਲੀ ਨੀਂ ।
ਰੀਝਾਂ ਦੀ ਰੇਹ ਪਾਕੇ ਤਕੜੀ, ਲੈ ਆਈਏ ਮੁੜ ਲਾਲੀ ਨੀਂ ।
ਮਿਹਨਤ ਦੀ ਕਰ ਗੋਡੀ ਚੰਨੀਏ, ਤੱਕੀਏ ਫੱਬ ਨਿਰਾਲੀ ਨੀਂ !
ਚੀਸਾਂ ਦੇ ਚੁੱਗ ਲਈਏ ਕੰਡੇ, ਬਣ ਕੇ ਆਪੇ ਮਾਲੀ ਨੀਂ ।
ਰਸ-ਮਤੇ ਫਿਰ ਤੱਕੀਏ ਫੁੱਲਾਂ, ਜੋ ਲੱਗੇ ਸੰਗ ਡਾਲੀ ਨੀਂ ।
ਭਰਿਆ ਤੱਕ ਕੇ ਦਿਲ ਦਾ ਵਿਹੜਾ, ਜਾਏ ਨੱਸ ਕੰਗਾਲੀ ਨੀਂ !
ਜੀਵਨ-ਸੋਨੇ ਸੰਗ ਭਰੇਂਦੀ, ਪਿਆਰ ਦੀ ਫੇਰ ਕੁਠਾਲੀ ਨੀਂ ।

ਹਿੰਮਤ ਦੇ ਲੈ ਤਕੜੇ ਜਾਤੂ, ਰਾਖੀ ਫ਼ਰਜ਼ ਪੁਗਾਈਏ ਨੀਂ ।
ਹਵਸ ਦੇ ਭੁੱਖੇ ਰੋਝਾਂ ਤਾਈਂ, ਰਲ ਕੇ ਦੂਰ ਭਜਾਈਏ ਨੀਂ ।
ਝੂਠ ਦ ਰਾਖ ਕੈਂਹੋਆਂ ਤਾਈਂ, ਹੇਕਾਂ ਲਾ ਡਰਾਈਏ ਨੀਂ ।
ਪਾਪ ਦੇ ਕਾਲੇ ਗਿੱਦੜਾਂ ਤਾਈਂ, ਚੋਖਾ ਸਬਕ ਸਿਖਾਈਏ ਨੀਂ ।
ਨਾ ਕੋਈ ਸਾੜੇ ਫੁੱਲ ਮਿਹਰ ਦੇ, ਐਸਾ ਦੌਰ ਚਲਾਈਏ ਨੀਂ ।
ਨਾ ਮਚੋਕੜੇ ਕੋਂਪਲ-ਕਲੀਆਂ, ਸੋਹਣੇ ਸ਼ਗਨ ਮਨਾਈਏ ਨੀਂ ।
ਨਵਯੁਗ ਦੀ ਮੁਟਿਆਰ ਦੇ ਹੱਥੀਂ, ਰਲਕੇ ਮਹਿੰਦੀ ਲਾਈਏ ਨੀਂ ।
ਬੰਨ੍ਹ ਕਲੀਰਾ ਸ਼ਗਨਾਂ ਵਾਲਾ, ਉਸ ਦੀ ਮਾਂਗ ਸਜਾਈਏ ਨੀਂ ।
ਫੇਰ ਏਸ ਫੁਲਵਾੜੀ ਅੰਦਰ, ਉਸ ਦਾ ਪੀਹੜਾ ਡਾਈਏ ਨੀਂ ।

ਹਸਰਤ ਦਾ ਲੈ ਧਾਗਾ ਪੱਕਾ, ਹੰਸ ਦੇ ਫੁੱਲ ਪ੍ਰੋਈਏ ਨੀਂ ।
ਜੋਬਨ ਦੇ ਲੈ ਸੁੱਚੇ-ਮੋਤੀ, ਕੇਸਰ ਵਿੱਚ ਡਬੋਈਏ ਨੀਂ ।
ਨੂਰ ਦੇ ਚੰਬਿਓਂ ਲੈਕੇ ਕਿਰਨਾਂ, ਦਿਲੀ-ਹਨੇਰੇ ਖੋਈਏ ਨੀਂ ।
ਆਸਾਂ ਦੇ ਗੁਲਾਬ ਤੋਂ ਮਹਿਕਾਂ ਲੈਕੇ ਅੰਬਰ ਛੋਹੀਏ ਨੀਂ ।
ਵਸਲ ਪੁਰੀ ਦੇ ਗੇਂਦੇ ਵਿਚੋਂ ਜੀਵਨ ਦਾ ਰਸ ਚੋਈਏ ਨੀਂ ।
ਪਿਆਰ ਦੇ ਸੂਰਜ-ਮੁੱਖੀਏ ਹੇਠਾਂ, ਦਾਗ਼ ਹਿਜਰ ਦੇ ਧੋਈਏ ਨੀਂ ।
ਏਸੇ ਪਿਆਰ ਦੇ ਬੇਲੇ ਅੰਦਰ, ਆਪਣੇ ਦਰਦ ਲਕੋਈਏ ਨੀਂ ।
ਰਾਂਝੇ ਹੀਰ ਸਲੇਟੀ ਵਾਕਰ, ਇੱਕ ਦੂਜੇ ਦੇ ਹੋਈਏ ਨੀਂ ।

## ਗ਼ਜ਼ਲ

**(ਡਾ: ਠਾਕੁਰ ਭਾਰਤੀ)**

ਜ਼ਰਾ ਕੁ ਲੈਂਪ ਜਗਾਓ, ਬੜਾ ਅਨ੍ਹੇਰਾ ਏ ।
ਕੋਈ ਗ਼ਜ਼ਲ ਹੀ ਸੁਣਾਓ, ਬੜਾ ਅਨ੍ਹੇਰਾ ਏ ।

ਕਹਿਰ ਘਟਾ ਨੂੰ ਉਡਾਓ, ਬੜਾ ਅਨ੍ਹੇਰਾ ਏ ।
ਵਗੋ ਪੁਰੇ ਦੀ ਹਵਾਓ ! ਬੜਾ ਅਨ੍ਹੇਰਾ ਏ ।

ਨਿਰਾਸੇ ਬੈਠ ਕੇ ਇਹ ਕਾਲੀ ਰਾਤ ਨਈਂ ਮੁਕਣੀ,
ਜ਼ਿਮੀਂ ਨੂੰ ਹੋਰ ਘੁਮਾਓ, ਬੜਾ ਅਨ੍ਹੇਰਾ ਏ,

ਅਜੇ ਵੀ ਗਲੀਆਂ 'ਚ ਪਹਿਰਾ ਹੈ ਬੁਰੀਆਂ ਨੀਅਤਾਂ ਦਾ,
ਅਜੇ ਨਾ ਉਠ ਕੇ ਜਾਓ, ਬੜਾ ਅਨ੍ਹੇਰਾ ਏ ।

ਨਵੀਂ ਸਵੇਰ ਦਾ ਹਾਲੇ ਵੀ ਰੰਗ ਹੈ ਕਾਲਾ,
ਅਜੇ ਫ਼ਰੇਬ ਨਾ ਖਾਓ, ਬੜਾ ਅਨ੍ਹੇਰਾ ਏ ।

ਜਿਨ੍ਹਾਂ ਦੇ ਹੁਸਨ ਤੋਂ ਝਕਦੇ ਨੇ ਚੰਦ ਤੇ ਸੂਰਜ,
ਜ਼ਰਾ ਉਨ੍ਹਾਂ ਨੂੰ ਬੁਲਾਓ, ਬੜਾ ਅਨ੍ਹੇਰਾ ਏ ।

ਨਹੀਂ ਸਚਾਈ ਦੀ ਪਹਿਚਾਣ ਪਿਆਰ ਦੁਨੀਆਂ ਵਿਚ,
ਦਬੀ ਰਹੋ ਨੀ ਵਫ਼ਾਓ ! ਬੜਾ ਅਨ੍ਹੇਰਾ ਏ ।

ਮਸੀਤਾਂ, ਮੰਦਰਾਂ, ਗਿਰਜਾਵਾਂ, ਗੁਰਦਵਾਰਿਆਂ ਵਿਚ,
ਗ਼ਰਜ਼ ਕਿ ਜਿੱਥੇ ਵੀ ਜਾਓ, ਬੜਾ ਅਨ੍ਹੇਰਾ ਏ ।

ਬੜਾ ਅਨ੍ਹੇਰਾ ਏ 'ਠਾਕੁਰ' ਅਦਾਲਤਾਂ ਅੰਦਰ,
ਇਹ ਖ਼ਾਨਗਾਹਾਂ ਚੁਕਾਓ, ਬੜਾ ਅਨ੍ਹੇਰਾ ਏ ।

---

## ਗ਼ਜ਼ਲ

**(ਸਰਦਾਰ ਅੰਜੁਮ)**

ਵਫ਼ਾ ਦੀ ਜੋ ਸੂਲੀ ਤੇ ਵਾਰੇ ਗਏ ਨੇ ।
ਉਹ ਜੰਨਤ 'ਚ ਪਹਿਲਾਂ ਉਤਾਰੇ ਗਏ ਨੇ ।

ਸਹਾਰਾ ਜਿਨ੍ਹਾਂ ਕੋਲ ਸੀ, ਪਹਿਲਾਂ ਡੁੱਬੇ,
ਬੜੀ ਦੂਰ ਤੱਕ ਬੇ-ਸਹਾਰੇ ਗਏ ਨੇ !

ਗ਼ਮਾਂ ਨੂੰ ਬੁਰਾ ਕਿਸ ਤਰ੍ਹਾਂ ਕੋਈ ਆਖੇ ?
ਗ਼ਮਾਂ ਨਾਲ ਦਿਲ ਵੀ ਸਵਾਰੇ ਗਏ ਨੇ ।

ਤੂਫ਼ਾਨਾਂ ਨੂੰ ਲੱਭਣੇ ਪਏ ਨੇ ਸਹਾਰੇ,
ਤੂਫ਼ਾਨਾਂ 'ਚ ਜਦ ਬੇ-ਸਹਾਰੇ ਗਏ ਨੇ ।

ਹਨੇਰੇ 'ਚ 'ਅੰਜੁਮ' ਜਿਹੜਾ ਮੁਸਕਰਾਇਆ,
ਸਿਤਾਰੇ ਉਦ੍ਹੇ ਘਰ ਉਤਾਰੇ ਗਏ ਨੇ ।

## ਗ਼ਜ਼ਲ

**(ਗੁਰਚਰਨ ਰਾਮਪੁਰੀ)**

ਬਲ ਰਹੇ ਰਾਹ ਤੇ ਬੁਲਾਵਣ ਆਸ਼ਕਾਂ ਨੂੰ ਮੰਜ਼ਿਲਾਂ,
ਮਜਨੂੰਆਂ ਨੂੰ ਜਾਪਦੇ ਨੇ ਪਰ ਅੰਗਾਰੇ ਮਖ਼ਮਲਾਂ ।

ਨੂਰ ਦਿਨ ਦੇ ਨ੍ਹੇਰ ਰਾਤਾਂ ਦੇ ਮਿਰੇ ਸਨ ਸੱਜਣੇ,
ਫੇਰ ਗ਼ਮ ਦੇ ਥਲਾਂ ਅੰਦਰ ਸੁਪਨਿਆਂ ਦੀਆਂ ਮਹਫ਼ਿਲਾਂ ।

ਨੀਂਦ ਹੁਣ ਟੁੱਟੀ ਕਿ ਟੁੱਟੀ ਗ਼ੈਰਤਾਂ ਦੀ ਵੇਖਣਾ,
ਸਹਿਕਣਾ ਮੱਥੇ ਲਈ ਹੈ ਤੇਰੇ ਘਰ ਦੀਆਂ ਸਰਦਲਾਂ ।

ਬੇਰੁਖੀ ਤੇਰੀ ਨੇ ਤੇਰੇ ਹਿਜਰ ਦੀ ਪੀੜਾ ਚੁਗੀ,
ਮੁਸ਼ਕਿਲਾਂ ਨੇ ਆਪ ਆ ਕੇ ਹੱਲ ਕਰੀਆਂ ਮੁਸ਼ਕਿਲਾਂ ।

ਡੋਲ ਗਈ ਬਿਰਤੀ ਤਪੀਸ਼ਰ ਦੀ ਹਜ਼ਾਰਾਂ ਵਰ੍ਹੇ ਦੀ
ਰੂਪ ਨੇ ਛਣਕਾਈਆਂ ਜਦ ਇੱਕ ਪਲ ਹੀ ਪਾਇਲਾਂ ।

ਸੌਂ ਨਾ ਜਾਣਾ ਦੇਖਕੇ ਬੇਹੋਸ਼ ਲਹਿਰਾਂ ਮਾਂਝੀਓ !
. ਸਾਗਰਾਂ ਦੀ ਟਿਕੀ ਹਿੱਕ ਹੇਠਾਂ ਕਰੋੜਾਂ ਕਲਵਲਾਂ ।

ਮਾਸਕ-ਪੱਤਰ "ਨਵਾਂ-ਸਾਹਿੱਤ" ਦਿੱਲੀ ਦੇ ਸਹਿਯੋਗ ਨਾਲ ਚੱਲ ਰਿਹਾ ਸਥਾਈ ਕਾਲਮ:




## ਮਿਰਜ਼ਾ ਗ਼ਾਲਬ ਦੇ




( ਸਫ਼ਾ 18 ਦੀ ਬਾਕੀ )

ਹੀ ਇੱਕ ਇਕਾਈ। ਅਗਲੇ ਸਾਲ ਦੋ ਲੱਖ, ਫਿਰ ਤਿੰਨ......। ਪਰ ਪਰੋਡਿਊਸਰ ਉੱਥੇ ਹੀ। ਫਿਰ ਉਹ ਆਰਟਿਸਟ ਕੋਲ ਕੰਮ ਲੈਣ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਕਿਊ ਵਿਚ ਉਸਦਾ ਤੇਈਵਾਂ ਨੰਬਰ ਹੈ। ਉਹ ਦੌੜ ਭੱਜ ਕਰਦਾ ਹੈ, ਮਿਹਨਤ ਕਰਦਾ ਹੈ ਅਤੇ ਰਾਤ ਨੂੰ ਕਬੀਰ ਰੋਂਦਾ ਹੈ:—

ਸੁਖੀਆ ਸਭ ਸੰਸਾਰ ਹੈ, ਖਾਏ ਔਰ ਸੋਏ।
ਦੁਖੀਆ ਦਾਸ ਕਬੀਰ ਹੈ, ਜਾਗੇ ਔਰ ਰੋਏ।

## ਸਲਾਮ ਨੂੰ ਨਾ ਪਹੁੰਚਿਆ

ਇਕ ਦਿਨ ਦੀਵਾਨ ਜ਼ਫਰੁਲਾ ਖਾਂ ਗ਼ਾਲਬ ਦੇ ਮਕਾਨ ਕੋਲੋਂ ਦੀ ਲੰਘ ਗਏ, ਪਰ ਗ਼ਾਲਬ ਨੂੰ ਨਾ ਮਿਲੇ। ਗਾਲਬ ਨੇ ਦੀਵਾਨ ਨੂੰ ਚਿਠੀ ਲਿਖੀ:

"ਅਜ ਮੈਨੂੰ ਇਨੀਂ ਸ਼ਰਮ ਆਈ ਤੇ ਸ਼ਰਮ ਦੇ ਮਾਰੇ ਮੈਂ ਧਰਤੀ ਵਿਚ ਗਡਿਆ ਜਾ ਰਿਹਾ ਹਾਂ। ਮੇਰੀ ਇਸ ਤੋਂ ਵਧ ਨਲੈਕੀ ਕੀ ਹੋ ਸਕਦੀ ਹੈ, ਕਿ ਆਪ ਕਦੀ ਕਦੀ ਤਾਂ ਇਸ ਪਾਸੇ ਪਧਾਰਦੇ ਹੋ, ਤੇ ਮੈਂ ਸਲਾਮ ਲਈ ਵੀ ਹਾਜ਼ਰ ਨਾ ਹੋ ਸਕਿਆ।"

ਇਸ ਤੇ ਦੀਵਾਨ ਇੰਨਾਂ ਸ਼ਰਮਿੰਦਾ ਹੋਇਆ, ਕਿ ਉਸੇ ਘੜੀ ਗਾਲਬ ਨੂ ਮਿਲਣ ਤੁਰ ਪਿਆ।

## ਮੇਰੀ ਜੁੱਤੀ ਨਾ ਪਾ ਜਾਣੀ

ਇਕੇਰਾਂ ਰਾਤ ਨੂੰ ਇਕ ਹਜ਼ਰਤ ਗਾਲਬ ਨੂੰ ਮਿਲਣ ਆਏ। ਥੋੜ੍ਹੀ ਦੇਰ ਪਿਛੋਂ ਜਦ ਉਹ ਜਾਣ ਲਗੇ, ਤਾਂ ਗਾਲਬ ਸ਼ਮਾਦਾਨ ਹਥ ਲੈ ਉਹਨਾਂ ਨੂੰ ਜੁਤੀ ਲਭ ਕੇ ਦੇਣ ਆਏ। ਮਹਿਮਾਨ ਬੋਲਿਆ, "ਹਜ਼ਰਤ, ਤੁਸੀਂ ਕਿਉਂ ਕਸ਼ਟ ਕੀਤਾ, ਮੈਂ ਆਪ ਜੁਤੀ ਢੂੰਡ ਲਵਾਂਗਾ।"

ਗ਼ਾਲਬ ਬੋਲੇ "ਮੈਂ ਤੁਹਾਨੂੰ ਤੁਹਾਡੀ ਜੁਤੀ ਢੂੰਡ ਕੇ ਦੇਣ ਨਹੀਂ ਆਇਆ। ਮੈਂ ਇਸ ਲਈ ਚਾਨਣ ਨਾਲ ਲਿਆਇਆ ਹਾਂ, ਕਿ ਕਿਧਰੇ ਮੇਰੀ ਜੁਤੀ ਹੀ ਨਾ ਪਾ ਜਾਉ।"

## ਬਾਗ਼ੀ ਮੁਸਲਮਾਨ

ਗ਼ਦਰ ਤੋਂ ਪਹਿਲਾਂ ਮੁਗ਼ਲ ਬਾਦਸ਼ਾਹ—ਬਹਾਦਰ ਸ਼ਾਹ ਵਲੋਂ ਮਿਰਜ਼ਾ ਸਾਹਬ ਨੂੰ ਪੈਨਸ਼ਨ ਮਿਲਦੀ ਸੀ। ਗਦਰ ਪਿਛੋਂ ਉਹ ਜ਼ਬਤ ਹੋ ਗਈ, ਕਿਉਂਕਿ ਅੰਗ੍ਰੇਜ਼ੀ ਸਰਕਾਰ ਗ਼ਾਲਬ ਨੂੰ ਵੀ ਬਾਗ਼ੀ ਮੁਸਲਮਾਣ ਸਮਝਦੀ ਸੀ।

ਇਹਨਾਂ ਦਿਨਾਂ ਵਿਚ ਹੀ ਮਿਰਜ਼ਾ ਗ਼ਾਲਬ ਨੂੰ ਪੰਜਾਬ ਦੇ ਲੈਫਟੀਨੈਂਟ ਦਾ ਮੀਰ ਟਾਂਡਨ ਮੋਦੀ ਮਿਲਣ ਆਇਆ। ਗਲਾਂ ਗਲਾਂ ਵਿਚ ਪੈਨਸ਼ਨ ਦਾ ਜ਼ਿਕਰ ਚਲ ਪਿਆ, ਤਾਂ ਗਾਲਬ ਬੋਲੇ:

"ਸਾਰੀ ਉਮਰ ਇਕ ਦਿਨ ਵੀ ਸ਼ਰਾਬ ਨਾ ਪੀਤੀ ਹੋਵੇ, ਤਾਂ ਕਾਫਰ! ਤੇ ਇਕ ਵਾਰ ਵੀ ਨਮਾਜ਼ ਪੜ੍ਹੀ ਹੋਵੇ, ਤਾਂ ਗੁਨਾਹਗਾਰ, ਫਿਰ ਮੈਨੂੰ ਸਮਝ ਨਹੀਂ ਆਂਦੀ, ਕਿ ਮੈਨੂੰ ਕਿਵੇਂ ਬਾਗ਼ੀ ਮੁਸਲਮਾਣ ਸਮਝ ਲਿਆ ਗਿਆ।"

## ਕਰਜ਼ ਦੀ ਮੈ (ਸ਼ਰਾਬ)

ਗ਼ਾਲਬ ਕਰਜ਼ ਹੇਠਾਂ ਦਬੇ ਗਏ। ਮੁਕਦਮਾ ਚਲਿਆ। ਅਦਾਲਤ ਵਿਚ ਪੇਸ਼ੀ ਹੋਈ। ਪੇਸ਼ੀ ਮੁਫਤੀ ਸਦਰ ਉਲਦੀਨ 'ਆਜ਼ੁਰਦਾ' ਦੀ ਅਦਾਲਤ ਵਿਚ ਹੋਈ। ਅਦਾਲਤ ਦੇ ਸਵਾਲ ਤੇ ਮਿਰਜ਼ਾ ਗ਼ਾਲਬ ਬੋਲੇ:

ਕਰਜ਼ ਕੀ ਪੀਤੇ ਥੇ ਮੈ, ਲੇਕਿਨ ਸਮਝਤੇ ਥੇ ਕਿ ਹਾਂ,
ਰੰਗ ਲਾਇਗੀ ਹਮਾਰੀ ਫਾਕਾ ਮਸਤੀ ਏਕ ਦਿਨ।

ਮੁਫਤੀ ਸਾਹਿਬ ਸ਼ੇਅਰ ਸੁਣਕੇ ਫੜਕ ਉਠੇ। ਜੁਰਮ ਸਾਬਤ ਹੋ ਗਿਆ ਸੀ, ਕਾਨੂੰਨੀ ਕਾਰਵਾਈ ਕਰਨੀ ਜ਼ਰੂਰੀ ਸੀ। ਗ਼ਾਲਬ ਹੋਰਾਂ ਵਿਰੁਧ ਕਰਜ਼ੇ ਦੀ ਡਿਗਰੀ ਦੇ ਦਿਤੀ, ਤੇ ਕਰਜ਼ ਦੀ ਰਕਮ ਆਪਣੀ ਜੇਹਬ 'ਚੋਂ ਅਦਾ ਕਰ ਦਿਤੀ।

## ਇਸਤ੍ਰੀ ਲਿੰਗ ਕਿ ਪੁਲਿੰਗ ?

ਗ਼ਾਲਬ ਕਾਲ ਵਿਚ ਰਥ ਨੂੰ ਕਈ ਦਿਲੀ ਵਾਲੇ ਇਸਤ੍ਰੀ ਲਿੰਗ ਤੇ ਕਈ ਪੁਲਿੰਗ ਬੋਲਦੇ ਸਨ। ਕਿਸੇ ਨੇ ਗ਼ਾਲਬ ਨੂੰ ਪੁਛਿਆ, 'ਹਜ਼ਰਤ! ਅਸਲ ਵਿਚ ਰਥ ਕੀ ਹੈ, ਇਸਤਰੀ ਲਿੰਗ ਕਿ ਪੁਲਿੰਗ ?"

ਗਾਲਬ ਬੋਲੇ, "ਜਦ ਰਥ ਵਿਚ ਇਸਤ੍ਰੀਆਂ ਬੈਠੀਆਂ ਹੋਣ, ਤਾਂ ਇਸਤ੍ਰੀ ਲਿੰਗ ਤੇ ਜਦ ਮਰਦ ਬੈਠੇ ਹੋਣ ਤਾਂ ਪੁਲਿੰਗ।"

# "ਫੱਟੀ-ਪੋਚ"

ਹਰ ਰਾਸ਼ਟਰੀ, ਅੰਤਰ-ਰਾਸ਼ਟਰੀ, ਦੇਸੀ-ਬਦੇਸ਼ੀ, ਸੱਜਰੇ ਜਾਂ ਬੇਹੇ – ਸਮਾਜਿਕ, ਰਾਜਨੀਤਕ, ਆਰਥਿਕ, ਧਾਰਮਿਕ, ਸੱਭਿਆਚਾਰਕ, ਸਾਹਿੱਤਕ ਜਾਂ ਵਿਗਿਆਨਕ ਮਸਲੇ ਨਾਲ ਸੰਬੰਧਤ ਭੱਦਰ-ਪੁਰਸ਼ਾਂ ਦੀ ਫੱਟੀ-ਪੋਚਣਾ ਮੇਰਾ ਜਮਾਂਦਰੂ ਹੱਕ ਹੈ! – 'ਫੱਟੀਪੋਚ'

(ਪਰਦਾ ਉਠਦਾ ਹੈ। ਫੱਟੀ-ਪੋਚ ਟੁੱਟੀ-ਜਿਹੀ ਮੰਜੀ ਤੇ ਬੈਠਾ ਪਤਾ ਨਹੀਂ ਕੀ ਬੁੜ-ਬੁੜ 'ਜਿਹੀ ਕਰੀ ਜਾਂਦਾ ਹੈ। ਸਿੱਧਰਾ ਆਉਂਦਾ ਹੈ)

ਸਿੱਧਰਾ : ਉਸਤਾਦ ਜੀ, ਸਲਾਮ!

ਫੱਟੀ-ਪੋਚ : ਸਲਾਮ ਬਈ ਸਲਾਮ!

ਸਿੱਧਰਾ : ਉਸਤਾਦ ਜੀ, ਕੱਲ੍ਹ ਮੈਂ ਦੇਸੋਂ ਆਇਐਂ - ਉੱਥੇ 'ਖ਼ਬਾਰ 'ਚ ਪੜ੍ਹੀਆਂ ਖ਼ਬਰਾਂ ਸੁਣਾਵਾਂ ਥੋਨੂੰ?

(ਫੱਟੀ-ਪੋਚ ਮੂੰਹ ਤਾਂ ਚੁੱਕ ਕੇ ਸੁੜ੍ਹਾਕਾ ਮਾਰਦਾ ਹੈ, ਪਰ ਬੋਲਦਾ ਨਹੀਂ)

ਸਿੱਧਰਾ : ਮਾਸਕ-ਪੱਤਰ 'ਦਰਵੇਸ਼'- ਅੰਕ 6 - ਸਫ਼ਾ 6: "ਵਜ਼ੀਰ ਸਾਹਿਬ ਪ੍ਰੋ: ਸ਼ੇਰ ਸਿੰਘ ਨੇ ਤਿੰਨ ਮਹੀਨਿਆਂ ਵਿੱਚ 31,970 ਲੋਕਲ ਤੇ 834 ਟਰੰਕ-ਕਾਲਾਂ ਕੀਤੀਆਂ ਹਨ ਤੇ ਉਹਨਾਂ ਦਾ ਟੈਲੀਫ਼ੋਨ ਬਿਲ 6518 ਰੁ: 10 ਪੈਸੇ ਆਇਆ ਹੈ। ਮਤਲਬ ਇਹ ਕਿ 355 ਲੋਕਲ ਕਾਲਾਂ ਪ੍ਰਤੀ ਦਿਨ ਜਾਂ 15 ਕਾਲਾਂ ਇਕ ਘੰਟੇ ਵਿੱਚ। ਵਜ਼ੀਰ ਸਾਹਿਬ ਇੰਨੀਆਂ ਗੱਲਾਂ ਕਿਸ ਨਾਲ ਕਰਦੇ ਹਨ? ਕਿਸ ਦੇ ਬਾਪ ਦਾ ਪੈਸਾ?"

ਫੱਟੀ-ਪੋਚ : (ਇਕ-ਦਮ ਮੰਜੀ ਤੋਂ ਬੁੜ੍ਹਕ ਉਠਦਾ ਹੈ)
ਉਹ ਭੁੱਖ-ਲੋਕ, ਟੁੱਕ-ਪਾਣੀ ਕਦੋਂ ਖਾਂਦਾ ਹਊ ਤੇ ਜੰਗਲ-ਪਾਣੀ ਕਦੋਂ ਜਾਂਦਾ ਹਊ? ਮੈਂ ਉਥੇ ਹੋਵਾਂ ਤਾਂ ਐਸੇ ਨਿਖੱਟੂਆਂ ਦੀ ਫੱਟੀ-ਪੋਚ ਕੇ ਰੱਖਦਿਆਂ.....

ਸਿੱਧਰਾ : ਉਸਤਾਦ ਜੀ! ਉਸੇ ਮਾਸਕ-ਪੱਤਰ 'ਚੋਂ ਮੈਂ ਇੱਕ ਹੋਰ ਵੀ ਖ਼ਬਰ ਪੜ੍ਹੀ ਸੀ:
"ਗਰੀਬੀ ਹਟਾਓ' ਸਰਕਾਰ ਦੇ ਮਨਿਸਟਰਾਂ ਨੇ ਪਿਛਲੇ ਦੋ ਸਾਲਾਂ ਵਿੱਚ ਦੇਸ਼-ਬਦੇਸ਼ ਦੀ ਸੈਰ ਕਰਨ ਤੇ 55.27 ਲੱਖ ਰੁਪਏ ਖ਼ਰਚ ਕੀਤੇ ਹਨ।"

ਫੱਟੀ-ਪੋਚ ਅੱਗ ਦੇ ਭੰਬੂਕੇ ਵਾਂਗ ਮੱਚ ਉਠਦਾ ਹੈ ਅਤੇ ਮੱਥੇ ਤੇ 'ਰੋਹ ਸੌ ਤਿਉੜੀਆਂ ਪਾ ਕੇ ਕੂਕਿਆ:

ਫੱਟੀ-ਪੋਚ : ਓਏ- ਗਰੀਬਾਂ ਵਿਚਾਰਿਆਂ ਦੀ ਤਾਂ ਫੱਟੀ-ਪੁਚੀ ਪਈ ਐ ਤੇ ਏਹਨਾਂ ਨੂੰ ਸੁਝਦੀਆਂ ਸੈਰਾਂ! ਨਾ-ਨਾ, ਓਨ੍ਹਾਂ ਲੱਖਾਂ ਰੁਪਿਆਂ 'ਚੋਂ ਥੋੜ੍ਹੇ ਜਿਹੇ ਪੈਸਿਆਂ ਦੇ ਗਰੀਬਾਂ-ਵਿਚਾਰਿਆਂ ਨੂੰ ਕੁਰਤੇ ਕਿਉਂ ਨੀਂ ਲਿਆ ਦਿੰਦੇ? ਨਾ ਰਹਿੰਦੇ ਗਰੀਬ, ਨਾ ਰਹੂਗੀ ਗਰੀਬੀ! ਜੇ ਕੋਈ ਅੜਿਆ-ਥੁੜਿਆ ਬਚ ਗਿਆ ਸਾਈਂ ਦਾ ਲਾਲ, ਓਹਨੂੰ ਹਿੰਦ-ਮਹਾਂ ਸਾਗਰ 'ਚ ਧੱਕਾ ਦੇ ਦੇਣ - ਆਪੇ ਕਿਸੇ ਜਹਾਜ਼-ਜਹੂਜ਼ ਦਾ ਸੰਗਲ ਫੜਕੇ ਕੈਨੇਡਾ ਆ'ਜੂ ਵਿਚਾਰਾ!

ਸਿੱਧਰਾ : ਉਸਤਾਦ ਜੀ! ਵੈਨਕੋਵਰ 'ਚੋਂ ਨਿਕਲਦਾ ਪੰਜਾਬੀ ਸਪਤਾਹਕ 'ਪੱਛਮੀ-ਹਵਾ' ਸੁਣਿਐ ਤੁਸੀਂ? ਤਿੰਨ ਜਨਵਰੀ ਨੂੰ ਸਫ਼ਾ 5 ਤੇ ਮੋਟੇ ਮੋਟੇ ਅੱਖਰਾਂ 'ਚ ਲਿਖਿਐ: "ਸੰਸਾਰ ਭਰ ਵਿੱਚ ਜੰਗ ਦੇ ਵਧ ਰਹੇ ਖ਼ਤਰੇ ਬਾਰੇ ਭਾਰਤ ਤੇ ਯੂਗੋਸਲਾਵੀਆ ਨੂੰ ਭਾਰੀ ਚਿੰਤਾ।"

ਫੱਟੀ-ਪੋਚ ਦਾ ਐਨੇ ਜ਼ੋਰ ਦੀ ਹਾਸਾ ਨਿਕਲਦਾ ਹੈ ਕਿ ਜਾਨ ਲਬਾਂ ਤੇ ਆ ਜਾਂਦੀ ਹੈ। ਸਿੱਧਰਾ ਪਾਣੀ-ਧਾਣੀ ਪਿਆਕੇ ਉਸਨੂੰ ਬੋਲਣ ਜੋਗਾ ਕਰਦਾ ਹੈ:

ਫੱਟੀਪੋਚ : ਓਏ ਭਲੇਮਾਣਸੋ! ਲਗਦੈ ਜੰਗ ਵਿਚ ਨਾਲੇ ਚਿੰਤਾ ਵਿਚ! ਥੋਨੂੰ, ਨਕਾਰ-ਖ਼ਾਨੇ 'ਚ ਤੂਤੀ ਨੂੰ ਕੌਣ ਸੁਣਦੈ? ਜਦੋਂ ਕਈ ਵੱਡੀਆਂ 2 ਤਾਕਤਾਂ ਨੇ ਕਈ ਕੁੱਤੇ ਦੇ ਕਤੂਰੇ ਜਿੱਡੇ 2 ਦੇਸ਼ਾਂ ਨੂੰ ਮਾਰਨ ਆਲੇ ਕਰਤਾ ਬੰਬ ਮਾਰ ਮਾਰ ਉਦੋਂ ਥੋਨੂੰ ਕਿਹੜੇ ਵੈਦ ਨੇ ਪੁਛਿਆ ਸੀ ਬਈ ਤੁਸੀਂ ਥੋੜ੍ਹੇ ਚਿੰਤਾ ਕਰੋ ਤੇ ਕਹਿੰਦੇ 'ਨਾ ਮਾਰੋ ਤੁਸੀਂ ਨੀਂ ਜੰਗ ਕਰਦੇ ਅਸੀਂ।' "ਤੂੰ ਕੌਣ?", ਅਖੇ 'ਮੈਂ ਖ਼ਾਹ-ਮਖ਼ਾਹ!"

ਸਿੱਧਰਾ : (ਹੱਸਦਾ ਹੱਸਦਾ) ਉਸਤਾਦ ਜੀ! ਖ਼ਾਹ-ਮਖ਼ਾਹ ਵਾਲੀ ਗੱਲ ਕੁਸ਼ ਜਚੀ ਨੀਂ।

ਫੱਟੀ-ਪੋਚ : ਓਏ ਤੂੰ ਸਿੱਧਰੇ ਦਾ ਸਿੱਧਰਾ ਈ ਰਿਹਾ! ਸੌ ਵਾਰੀ ਦੱਸਿਐ ਤੈਨੂੰ - ਬਈ ਗੱਲ ਜਚੇ ਭਾਵੇਂ ਨਾ ਜਚੇ - ਹਮਾਰਾ ਕਾਮ ਤੋ ਫੱਟੀ-ਪੋਚਣਾ ਹੈ।

(ਸਿੱਧਰਾ ਕੰਨ ਵਲ੍ਹੇਟ ਕੇ ਤੁਰਦਾ ਬਣਦਾ ਹੈ)

# ਕੈਨੇਡਾ ਦੇ ਕਵੀ



## 1. ਗ਼ਜ਼ਲ

(ਗਿੱਲ ਮੋਰਾਂਵਾਲੀ)

ਅਸੀਂ ਖੋਹਣਾ ਛੱਡ ਦਿੱਤਾ
ਚੰਗੀ ਮਾੜੀ ਕਿਸਮਤ ਦਾ।
ਹੱਕ ਦੌਲਤ, ਮਿਲ ਗਿਆ
ਸਾਨੂੰ ਸਾਡੀ ਮਿਹਨਤ ਦਾ।

ਕਈ ਗੰਢੀਆਂ ਪਾਬੰਦੀਆਂ ਨੇ
ਕਈ ਆਪਾਂ ਤੋੜ ਸੁੱਟੀਆਂ
ਬੇੜਾ ਇੱਕ ਦਿਨ ਡੋਬ ਦੇਵਾ
ਹੈ ਭਰਕੇ ਜਹਾਲਤ ਦਾ।

'ਲੋਕਾਂ ਮੈਨੋਂ ਬੁਲਾਉਣਾ ਨਹੀਂ
ਇਕੱਲੇ ਨੂੰ ਨਾ ਟਿਕਣ ਦੇਣਾ'
ਪਤਾ ਮੈਨੂੰ ਲਗਦਾ ਨਹੀਂ ਹੈ
ਇਸ ਤੇਰੀ ਆਦਤ ਦਾ।

'ਆ ਕੇ ਧਰਤੀ ਤੇ ਤੁਰ ਜਾਣਾ'
ਇਸਦਾ ਅਹਿਸਾਸ ਜਿਹਨੂੰ
ਮਰ ਮਿਟਦਾ ਦੂਜਿਆਂ ਲਈ
ਪੱਲਾ ਫੜਦਾ ਨਾ ਲਾਹਣਤ ਦਾ।

ਕਈ ਡੁੱਬ ਗਏ ਪਿਆਰ ਲਈ
ਬਲਾਂ ਵਿੱਚ ਕਈ ਸੜ ਗਏ
ਮੇਰੇ ਇਕ ਵਾਰ ਆਖਣ ਤੇ
ਸਿਰ ਝੁਕਿਆ ਮੁਹੱਬਤ ਦਾ।

---

ਹੰਝੂ ਹੌਕੇ (1954)
ਜਾਗ ਪਏ ਹਿੰਦ ਦੇ ਜਵਾਨ (1965)
ਮੈਖ਼ਾਨਾ (1965)
ਲਲਕਾਰ (1965)
ਗੀਤ-ਮਣੀ (1967)
ਤੋਂ ਬਾਅਦ
ਗਿੱਲ ਮੋਰਾਂਵਾਲੀ ਦਾ ਨਵਾਂ ਕਾਵਿ-ਸੰਗ੍ਰਹਿ

**ਆਰ ਚਾਨਣ - ਪਾਰ ਚਾਨਣ**

## 2. ਮਜਬੂਰੀ

(ਪ੍ਰੋ: ਜਰਨੈਲ ਸਿੰਘ)

ਰਾਤ ਹਨੇਰੀ ਕਿਣ-ਮਿਣ ਕਣੀਆਂ
ਬਿਸ਼ੀਅਰ ਨਾਗਾਂ ਜੂਹਾਂ ਮੱਲੀਆਂ
ਇੱਕ ਇਕੱਲੀ ਮੇਰੀ ਜਿੰਦੜੀ
ਲੰਘੀ ਤੇਰੇ ਪਿੰਡ ਦੇ ਕੋਲੋਂ
ਤੇਰੇ ਵਿਹੜੇ ਜਾ ਨਾ ਸੱਕੀ
ਗਈ ਭਾਵੇਂ ਸ਼ਦਾਈ ਨੀ!

ਬੱਦਲ ਗਰਜੇ ਬਿਜਲੀ ਲਿਸ਼ਕੇ
ਇੰਦਰ ਦਿਉਤਾ ਮੌਜ 'ਚ ਆਇਆ
ਅੰਬਰ ਪਾੜਕੇ ਲੀਰਾਂ ਕੀਤਾ
ਕਣੀਆਂ ਛਹਿਬਰ ਲਾਈ ਨੀ!

ਇਹ ਬਿਰਖ ਜੋ ਪਿੰਡ ਤੇਰੇ ਦੇ
ਕਰਦੇ ਮੇਰੇ ਮਨ ਨਿੱਤ ਦੇ ਸਾਥੀ
ਵੇਖ ਇੰਨ੍ਹਾਂ ਦੀਆਂ ਜੜ੍ਹਾਂ ਫੋਲਕੇ
ਤੈਨੂੰ ਏਥੋਂ ਦੱਬੀ ਮਿਲ ਜਾਊ
ਸਾਡੀ ਉਮਰ ਕਮਾਈ ਨੀ!

ਮੇਰੀਆਂ ਅੱਖੀਆਂ ਸਾਹਵੇਂ ਫੈਲੀ
ਔਹ ਲੰਮੀ ਪਗਡੰਡੀ ਸੱਜਣੀ
ਜਿਸ 'ਤੇ ਕਦੀ ਤੁਰੇ ਸਾਂ 'ਕੱਠੇ
ਖੱਟਣ ਦੇ ਲਈ ਏਸ ਜਗਤ 'ਚੋਂ
ਉਮਰਾਂ ਤੀਕ ਜੁਦਾਈ ਨੀ!

ਅੱਜ ਮੈਂ ਇਸ ਤੇ ਤੁਰ ਨਹੀਂ ਸਕਦਾ
ਪੈਰ ਮੇਰੇ ਹਨ ਸੂਲਾਂ ਵਿੱਧੇ
ਮੈਂ ਹਾਂ ਉਹ ਅਲਬੇਲਾ ਜੋਗੀ
ਦੇ ਕੇ 'ਸੀਸਾਂ ਜੱਗ ਨੂੰ, ਜਿਸਨੇ
ਕੀੜਿਆਂ ਝੋਲ ਭੁਰਾਈ ਨੀ!

ਔਹ ਜੋ ਰੁੱਖ ਨਵੇਲਾ ਦਿੱਸੇ
ਮੇਰੇ ਵਾਂਗ ਸਤਾਇਆ ਹੋਇਆ
ਜਿੱਥੇ ਕਦੇ ਰਾਤ ਸੀ ਕੱਟੀ
ਤੇਰੇ ਨਿੱਘੇ ਸਾਥ 'ਚ ਸੱਜਣੀ
ਅੱਜ ਮੈਂ ਏਥੋਂ ਤੁਰ ਹਾਂ ਚੱਲਿਆ
ਜੀਵਣ ਕਸ਼ਟਾਂ ਮਾਰਿਆ ਰਾਹੀ
ਕੱਟ ਜਾਏ ਕੋਈ ਰਾਤ ਗ਼ਮਾਂ ਦੀ
ਹੇਠਾਂ ਛੱਪਰ ਪਰਾਈ ਨੀ!

ਦੂਰੋਂ, ਸ਼ਦਾਈਆਂ ਨਜ਼ਰਾਂ ਸੰਗ
ਡਿੱਠੇ ਤੇਰੇ ਮਹਿਲ ਦੁਬਾਰੇ
ਪਰ ਮੈਂ ਉੱਥੇ ਜਾ ਨਹੀਂ ਸਕਿਆ
ਜਿੱਥੇ ਪਿਆਰ- ਕਬੂਰੀ ਹੈ ਸੀ
ਮੈਨੂੰ ਕਰੀਂ ਖਿਮਾਂ ਹੇ ਸੱਜਣੀ
ਇਹ ਮੇਰੀ ਮਜ਼ਬੂਰੀ ਹੈ ਸੀ!

---

⊕ ਇਸ ਅੰਕ ਦੇ ਕਵੀਆਂ ਦੀਆਂ ਕੁਝ ਕਾਵਿ-ਪੁਸਤਕਾਂ :-

ਅਮਰ ਕੋਮਲ : ਨੂਰ ਦੇ ਫੁੱਲ, ਬੰਦਨਵਾਰ, ਯੁਗ-ਪੁਰਸ਼
ਡਾ: ਠਾਕੁਰ ਭਾਰਤੀ : ਮੇਰੀ ਗ਼ਜ਼ਲ
ਸਰਦਾਰ ਅੰਜੁਮ : ਪੌਣ ਕੁਆਰੇ, ਖੁੱਲੀਆਂ ਪਲਕਾਂ
ਗੁਰਚਰਨ ਰਾਮਪੁਰੀ : ਅੰਨੀ ਗਲੀ, ਕੌਲ-ਕਰਾਰ

⊕ ਰਾਜਿੰਦਰ ਸਿੰਘ ਬੇਦੀ ਦਾ ਨਾਵਲ :- ਇਕ ਚਾਦਰ ਅੱਧੋਰਾਣੀ

## 3. ਆਰ-ਪਾਰ
(ਆਪਣੀ ਜੀਵਨ-ਸਾਥਣ ਦੇ ਨਾਂ)

-ਕਰਮ ਸਿੰਘ-

ਤੇਰੀ ਤੇ ਮੇਰੀ ਆਤਮਾ
ਫੁੱਲਾਂ ਦੀ ਇੱਕੋ ਵਾਸ਼ਨਾ
ਪਾਣੀ 'ਚ ਅੱਜ ਤਾਈਂ
ਕਿਸੇ ਪਾਈ ਨਹੀਂ ਲਕੀਰ।

ਤੇਰੇ ਤੇ ਮੇਰੇ ਪਿਆਰ ਦੀ ਨਿਸ਼ਾਨੀ
ਅਕਾਸ਼ ਅੰਦਰ ਵਿਚਰਦੇ
ਚੰਨ, ਇੰਦਰ-ਧਨੁਸ਼, ਦੇ
ਚਾਰ ਪਾਵੇ ਨੇ ਇਹ।
ਇਹ ਆਸ਼ਕ ਨੇ ਮੇਰ, ਸਹਾਰਾ ਨੇ ਤੇਰਾ।
ਏਹੋ ਚਾਰ ਤਾਰੇ ਧਰੂਵ ਨਾਲ ਮਿਲਕੇ
ਕੰਪਾਸ ਬਣਕੇ ਜ਼ਿੰਦਗੀ ਨੂੰ
ਰਾਹ ਵਿਖਾ ਰਹੇ ਨੇ।
ਕਰ ਰਹੇ ਨੇ ਜ਼ਿੰਦਗੀ ਦੇ
ਕਾਰਵਾਂ ਦੀ ਰਾਹਨੁਮਾਈ।

ਧਰਤੀ ਦੇ ਆਰ ਪਾਰ ਖਲੋਕੇ
ਤੂੰ ਇਨ੍ਹਾਂ ਵੱਲ ਰੋਜ਼ ਤੱਕੀਂ,
ਮੈਂ ਹਰ ਰੋਜ਼ ਤੱਕਦਾ ਹਾਂ।

ਇਹ ਸਾਂਝ ਤੇਰੀ ਮੇਰੀ
ਇਹ ਆਤਮਾ ਹੈ ਸਾਡੀ
ਇਹ ਧੜਕਣ ਏ ਦਿਲਾਂ ਦੀ
ਜੋ ਇਕ ਸਾਰ ਧੜਕੇ।

ਇਨ੍ਹਾਂ ਤੋਂ ਲੈਕੇ ਰੱਬ ਤਾਈਂ
ਸਾਰੀ ਮਾਨੁੱਖਤਾ ਦੇ ਅੰਦਰ
ਫ਼ਰਕ ਕੋਈ ਹੈ ਨਹੀਂ
ਹੈ ਜੋਤ ਜਗਦੀ ਇੱਕੋ।

## 4. ਸੁੱਕੇ ਨਹੀਂ ਜੇ ਪਹਿਲੇ ਹੰਝੂ

-ਹਰਭਜਨ ਸਿੰਘ ਹੇਰਾ-

ਪਿਆਰ ਦਾ ਪੁਜਾਰੀ ਹਾਂ
ਮੈਂ ਪੂਜਦਾ ਹਾਂ ਪਿਆਰਾਂ ਨੂੰ।
ਪੱਲੇ ਪਾਕੇ ਦੁੱਖਾਂ ਨੂੰ
ਮੈਂ ਹਾਸੇ ਵੰਡੇ ਯਾਰਾਂ ਨੂੰ।

ਅੱਲੇ ਫੱਟਾਂ ਨੂੰ ਨਾ ਪੁੱਛੋ
ਦੋਸਤ ਦੀ ਪਿਆਰ ਦਾ;
ਸੁੱਕੇ ਨਹੀਂ ਜੇ ਪਹਿਲੇ ਹੰਝੂ
ਭੁੱਲੋ ਨਾ ਇਕਰਾਰਾਂ ਨੂੰ।

ਤੇਰੀ ਇੱਕ ਨਜ਼ਰ 'ਤੇ ਤੱਕਾਂ
ਸਾਗਰ ਮੈਂ ਅਰਮਾਨਾਂ ਦਾ;
ਤੇਰੀ ਇਕ ਮੁਸਕਾਨ ਖ਼ਾਤਰ
ਧੱਕੇ ਦਿਆਂ ਬਹਾਰਾਂ ਨੂੰ।

ਮੈਂ ਜੀਵਨ ਦੇ ਸਫ਼ਰ 'ਤੇ
ਖੁੰਝਿਆ ਹੋਇਆ ਇੱਕ ਮੁਸਾਫ਼ਰ,
ਤਿੱਸਾਂ ਤੇਰੇ ਦਰ ਤੇ ਵੇਖੀਂ
ਤੱਕਾਂ ਨਾ ਇਨਕਾਰਾਂ ਨੂੰ।

ਤੇਰੇ ਦਰ ਤੋਂ ਠੁਕਰਾਇਆ ਫਿਰ
ਰੋਣੀ ਨੂੰ ਪਰਨਾਵਾਂਗਾ;
ਉਹ ਤਾਂ ਗਲਵੱਕੜੀ ਵਿੱਚ ਲਊ
ਤੇਖ਼ਰੇ ਹੋਏ ਅੰਗਾਰਾਂ ਨੂੰ।

FOR
QUALITY CLEAN EAST INDIAN FOODS
VISIT
**AMBIKA ENTERPRISES LTD.**
7287 Knight St., Vancouver 15, B.C. at 57th ● PHONE: 327-4919

## ਕੈਨੇਡਾ ਦੇ ਲੇਖਕਾਂ ਦੇ ਨਾਂ
(ਮੁੱਖ ਸੰਪਾਦਕ)

ਪੰਜਾਬੀ ਪਿਆਰਿਓ ! 'ਵਤਨੋਂ ਦੂਰ' ਨੂੰ ਤੁਹਾਡੀਆਂ ਸੁਘੜ ਰਚਨਾਵਾਂ ਦਾ ਇੰਤਜ਼ਾਰ ਹੈ। 'ਵਤਨੋਂ ਦੂਰ' ਨੇ ਕੈਨੇਡਾ ਦੇ ਪੰਜਾਬੀ ਪਾਠਕਾਂ ਦੀ ਸੇਵਾ ਕਰਨ ਦਾ ਨਿਰਆਹੂ-ਯਤਨ ਆਰੰਭਿਆ ਹੈ। ਅਜਿਹੇ ਅਹਿਮ ਕੰਮ ਨੂੰ ਨਿੱਗਰ ਅਤੇ ਅਗਾਂਹ-ਵਧੂ ਢੰਗ ਨਾਲ ਜਾਰੀ ਰੱਖਣ ਕਿਸੇ ਇਕੱਲੇ-ਦੁਕੱਲੇ ਵਿਅਕਤੀ ਦਾ ਕੰਮ ਨਹੀਂ ਹੈ। ਇਸ ਲਈ ਆਪਣਾ ਕਲਮੀ-ਸਹਿਯੋਗ ਦੇ ਕੇ ਮਾਂ-ਬੋਲੀ ਪੰਜਾਬੀ ਦੀ ਸੇਵਾ ਵਿੱਚ ਸਾਡਾ ਹੱਥ ਵਟਾਓ!

## ਭਾਰਤ ਵਿੱਚੋਂ ਨਿਕਲਦੇ ਕੁਝ ਸਹਿਯੋਗੀ-ਪੱਤਰ

| | | |
|---|---|---|
| ਕਿਰਤੂ (ਦੋ-ਮਾਸਕ) ਤਪਾ | ਸਿਆੜ (ਮਾਸਕ-ਪੱਤਰ) ਤਲਵੰਡੀ ਸਲੇਮ | ਜੀਵਨ-ਸਾਂਝਾਂ (ਮਾਸਕ-ਪੱਤਰ) ਲੁਧਿਆਣਾ |
| ਮੁਹਾਂਦਰਾ (ਦੋ-ਮਾਸਕ) ਬਰਨਾਲਾ | ਦਰਵੇਸ਼ (ਦੋ-ਮਾਸਕ) ਅੰਮ੍ਰਿਤਸਰ | ਨਵਾਂ-ਸਾਹਿੱਤ (ਮਾਸਕ-ਪੱਤਰ) ਦਿੱਲੀ |

**BLOCK BROS. REALTY LTD.**

* ਪਲਾਟ (LOTS)
* ਜ਼ਮੀਨ (ACREAGE)
* ਘਰ (HOUSES

ਅਤੇ ਹਰ ਪਰਕਾਰ ਦੀ ਜਾਇਦਾਦ ਖ਼ਰੀਦਣ ਲਈ ਜਾਂ ਵੇਚਣ ਲਈ

**ਦਲਜੀਤ ਸਿੱਧੂ**

ਨੂੰ ਸੇਵਾ ਦਾ ਮੌਕਾ ਦਿਓ। ਉਹਨਾਂ ਦਾ ਲੰਬਾ ਤਜਰਬਾ ਤੁਹਾਡੀ ਮੱਦਦ ਲਈ ਤੁਹਾਡਾ ਉਡੀਕਵਾਨ ਹੈ

9360 ਸਕਾਟ ਰੋਡ, ਸਰੀ; ਬੀ. ਸੀ.
Off: 581-4601
Res: 596-9062

## ਸਾਜ਼ ਅਤੇ ਅਵਾਜ਼

ਪ੍ਰਸਿੱਧ ਪੰਜਾਬੀ- ਸਾਹਿੱਤਕਾਰ ਤੇ
ਫ਼ਿਲਮ ਪਰੋਡਿਊਸਰ ਰਾਜਿੰਦਰ ਸਿੰਘ ਬੇਦੀ ਦੀ ਕਲਮ ਤੋਂ

# ਫ਼ਿਲਮ-ਪਰੋਡਿਊਸਰ

### ਮੈਂ ਅਫਲਾਤੂਨ ! ਮੇਰੇ ਗਲ ਲੱਗ ਕੇ ਰੋਵੇ.........

ਇਨਸਾਨ ਦੀ ਤਕਦੀਰ ਵੀ ਅਜੀਬ ਬਾਦਸ਼ਾਹ ਹੈ, ਜਿਸ ਦੇ ਸਾਹਮਣੇ ਕੋਈ ਵੀ ਤਦਬੀਰ ਨਹ ਚਲਦੀ । ਪੁਰਾਣੇ ਸਮਿਆਂ ਦੇ ਬਾਦਸ਼ਾਹ ਵੀ ਜਦੋਂ ਕਿਸੇ 'ਤੇ ਨਰਾਜ਼ ਹੋ ਜਾਂਦੇ ਸਨ ਤਾਂ ਭਰੇ ਦਰਬਾਰ ਵਿਚ ਉਸਨੂੰ ਪਾਨ ਦਾ ਬੀੜਾ ਪੇਸ਼ ਕਰ ਦਿੰਦੇ ਸਨ । ਇਹ ਜਾਨਣ ਦੇ ਬਾਵਜੂਦ ਵੀ ਕਿ ਇਸ ਵਿੱਚ ਜ਼ਹਿਰ ਹੈ, ਉਸ ਵਿਚਾਰੇ ਨੂੰ ਖਾਣਾ ਪੈਂਦਾ ਸੀ ਅਤੇ ਆਪਣੀ ਵਫ਼ਾਦਾਰੀ ਦਾ ਸਬੂਤ ਦੇਣਾ ਪੈਂਦਾ ਸੀ।

ਮੇਰੇ ਨਾਲ ਤਾਂ ਬਚਪਨ ਤੋਂ ਹੀ ਅਜਿਹਾ ਹੁੰਦਾ ਆਇਆ ਹੈ । ਮੈਨੂੰ ਉਹ ਦਿਨ ਯਾਦ ਹੈ, ਜਦੋਂ ਕਿ ਮੇਰੇ ਮਾਸਟਰ ਮਖਣ ਸਿੰਘ ਮੇਰੇ 'ਤੇ ਖਫ਼ਾ ਹੋ ਗਏ ਅਤੇ ਕਹਿਣ ਲੱਗੇ, ਨਾਲ ਵਾਲੇ ਕਮਰੇ ਵਿੱਚ ਮੇਰਾ ਬੈਂਤ ਪਿਆ ਹੈ ਚੁੱਕ ਲਿਆ ਅਤੇ ਮੈਂ ਚੁੱਕ ਲਿਆਂਦਾ ।

ਮੇਰੇ ਫ਼ਿਲਮੀ ਪਰੋਡਿਊਸਰ ਬਣਨ......ਦੀ ਕਹਾਣੀ ਕੁੱਝ ਅਜਿਹੀ ਹੀ ਹੈ ।

ਮੈਨੂੰ ਗੱਲ ਦੇਰ ਵਿੱਚ ਸਮਝ ਆਉਂਦੀ ਹੈ, ਪਰ ਜੇ ਇਕ ਵਾਰ ਸਮਝ ਆ ਜਾਵੇ ਤਾਂ ਫਿਰ ਭੁਲਦੀ ਨਹੀਂ ।

ਤੇਈ ਸਾਲ ਮੈਨੂੰ ਇਹ ਸਮਝਣ ਵਿੱਚ ਲੱਗੇ ਕਿ ਫ਼ਿਲਮੀ ਦੁਨੀਆਂ ਵਿਚ ਲੇਖਕ ਇੱਕ ਭੰਗੀ ਹੈ, ਧੋਬੇ ਵਿਚ ਜਿਸ ਨੂੰ ਹਰੀਜਨ ਦੇ ਨਾਂ ਨਾਲ ਬੁਲਾਇਆ ਜਾਂਦਾ ਹੈ । ਲੜ ਫੇਰ, ਨਾਂ ਸਰਕਾਰ ਦਾ । ਫ਼ਿਲਮ ਚੱਲ ਜਾਵੇ ਤਾਂ ਸਾਰੀ ਦਾਦ ਐਕਟਰਾਂ, ਪਰੋਡਿਊਸਰਾਂ ਅਤੇ ਡਾਇਰੈਕਟਰਾਂ ਦੇ ਹਿੱਸੇ ਆ ਜਾਂਦੀ ਹੈ, ਨਾ ਚੱਲੇ ਤਾਂ ਕਸੂਰ ਜੁੱਮੇ ਦੀ ਮਾਂ ਦਾ । ਕਿਉਂਕਿ 'ਸਕਰਿਪਟ ਪੂਰੀ ਕੀਤੇ ਬਿਨਾਂ ਤਸਵੀਰ ਸੈੱਟ ਤੇ ਨਹੀਂ ਜਾ ਸਕਦੀ' ਇਸ ਲਈ ਫ਼ਿਲਮ ਦੇ ਪੈਸੇ ਤਾਂ ਲੇਖਕ ਨੂੰ ਬਰਾਬਰ ਆਸਾਨੀ ਨਾਲ ਮਿਲ ਜਾਂਦੇ ਹਨ ਪਰ ਬਾਦ ਵਾਲੇ ਯਾਦ 'ਚ ਹੀ ਲਿਖੇ ਰਹਿ ਜਾਂਦੇ ਹਨ । ਹਰ ਅਗਲੀ ਕਿਸ਼ਤ ਲਈ ਉਸਨੂੰ ਕਿਸੇ ਟੈਕਸ, ਐਕਸੀਡੈਂਟ, ਬਿਮਾਰੀ ਆਦਿ ਦਾ ਬਹਾਨਾ ਬਣਾਉਣਾ ਪੈਂਦਾ ਹੈ । ਲੇਖਕ ਕਿਉਂਕਿ ਇਨਸਾਨ ਹੁੰਦਾ ਹੈ, ਉਹ ਭੁੱਲ ਜਾਂਦਾ ਹੈ ਕਿ ਪਿਛਲੀ ਕਿਸ਼ਤ ਦੇ ਸਮੇਂ ਆਪਣੀ ਮਾਂ ਦੇ ਸਵਰਗਵਾਸ ਹੋਣ ਦੀ ਗੱਲ ਕੀਤੀ ਸੀ ਤੇ ਹੁਣ ਉਸ ਦੇ ਬਿਮਾਰ ਹੋਣ ਦੀ ਕਰ ਰਿਹਾ ਹੈ ।

ਸਾਡੀ ਫ਼ਿਲਮੀ ਦੁਨੀਆਂ ਵਿਚ ਪਰੋਡਿਊਸਰ ਬਣਨ ਲਈ ਕਿਸੇ ਖਾਸ ਖ਼ੂਬੀ ਦੀ ਜ਼ਰੂਰਤ ਨਹੀਂ । ਅਫਲਾਤੂਨ ਨੇ ਕਿਹਾ ਹੈ—"ਦੇਸ਼ ਭਗਤੀ ਇੱਕ ਲੁੱਚੇ ਦੀ ਆਖ਼ਰੀ ਪਨਾਹ ਹੈ ।" ਇਹੋ ਮੈਂ ਭਾਰਤ ਦੀ ਫ਼ਿਲਮ ਪਰੋਡਿਊਸਰੀ ਦੇ ਬਾਰੇ ਵਿਚ ਆਖਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਜਿਵੇਂ ਸਾਡੇ ਦੇਸ਼-ਭਗਤ ਅਫਲਾਤੂਨ ਨਾਲ ਨਾਰਾਜ਼ ਨਹੀਂ ਹੁੰਦੇ ਉਸੇ ਤਰ੍ਹਾਂ ਹੀ ਮੇਰੇ ਪਰੋਡਿਊਸਰ ਭਾਈ ਮੇਰੇ ਨਾਲ ਨਰਾਜ਼ ਨਹੀਂ ਹੋਣਗੇ, ਬਲਕਿ ਮੈਨੂੰ ਮਿਲਕੇ ਮੇਰੇ ਗਲ ਲੱਗ ਕੇ ਰੋਣਗੇ ।

### ਦਿਓ ਚਾਰ ਲਿਖੋ ਇੱਕ

ਪਰੋਡਿਊਸਰ ਦਾ ਚੱਕਰ ਪੱਚੀ ਹਜ਼ਾਰ ਦੀ ਠੱਗੀ-ਠੋਰੀ ਤੋਂ ਸ਼ੁਰੂ ਹੁੰਦਾ ਹੈ । ਉਹ ਇਹ ਪੈਸੇ ਬੀਵੀ ਤੋਂ ਦੁਰਾ ਲਵੇ ਜਾਂ ਭਾਈ ਤੋਂ ਉੜਾ ਲਵੇ । ਪਰ ਇੱਕ ਗੱਲ ਨਾ ਭੁੱਲੇ ਕਿ ਉਨ੍ਹਾਂ ਨਾਲ ਸਦਾ ਲਈ ਰਿਸ਼ਤਾ ਖਰਾਬ ਹੋਣ ਵਾਲਾ ਹੈ । ਕਿਉਂਕਿ ਇਹ ਪੈਸੇ ਖ਼ੁਦਾ ਹੀ ਗਰਦਨ ਦਬਾ ਕੇ ਕੱਢੇਗਾ ਅਤੇ ਉਹ ਵੀ ਅਗਲੇ ਜਨਮ ਵਿੱਚ । ਜਦੋਂ ਕਿ ਉਹਨੂੰ ਪਤਾ ਹੀ ਨਹੀਂ ਹੋਊ ਕਿ ਉਹਦਾ ਕਸੂਰ ਕੀ ਹੈ । ਸੋ, ਉਹ ਰੁਪਿਆ ਹੱਥ ਵਿੱਚ ਲੈ ਕੇ ਪਹਿਲਾ ਹੀਰੋ ਜਾਂ ਹੀਰੋਇਨ ਨਾਲ ਮਾਮਲਾ ਤਹਿ ਕਰਦਾ ਹੈ । ਹੀਰੋ ਤਾਂ ਖਰੀ ਖਰੀ ਕਹਿ ਦਿੰਦਾ ਹੈ, ਇਨਸਾਨ ਨੂੰ ਉਸਦੀ ਔਕਾਤ ਦੱਸਦਾ ਹੈ, ਪਰ ਹੀਰੋਇਨ ਲੱਛਮੀ ਹੋਣ ਕਾਰਨ ਅਜਿਹਾ ਨਹੀਂ ਕਰਦੀ । ਉਹ ਆਪਣੀ ਹਰ ਤਕਲੀਫ਼, ਡਰਾਇੰਗਰੂਮ ਵਿਚ ਬੈਠੀ ਹੋਈ, ਸੋਫ਼ੇ ਤੇ ਨਖ਼ਰਿਆਂ ਦੇ ਵਿਚ ਆਪਣੀ ਕੀਮਤ ਦੁੱਗਣੀ ਦੱਸਦੀ ਹੋਈ ਆਖ਼ਿਰ ਡੇਢ ਵਿਚ ਮੰਨ ਜਾਂਦੀ ਹੈ । ਹੀਰੋ ਤੇ ਹੀਰੋਇਨ ਦੇ ਕਬੀਲਿਆਂ ਦੇ ਲੋਕ ਚਾਰ ਲੈਣਗੇ ਤੇ ਲਿਖ ਕੇ ਇੱਕ ਦੇਣਗੇ, ਜਿਵੇਂ ਕੋਈ ਨੜਿਨਵੇਂ ਜੁੱਤੇ ਮਾਰ ਕੇ ਗਿਣਤੀ ਭੁੱਲ ਜਾਵੇ । ਕੁੱਝ ਅਜਿਹਾ ਹੀ 'ਚੰਗੇ' ਡਾਇਰੈਕਟਰ, ਮਿਊਜ਼ਿਕ ਡਾਇਰੈਕਟਰ ਅਤੇ ਹੋਰ ਕਰਦੇ ਹਨ । ਉਹਨਾਂ ਨੂੰ ਠੀਕ ਕਰਕੇ ਤੁਸੀਂ ਸੇਠ ਨੂੰ ਰਾਮ ਰਾਮ (ਜਾਂ ਸ਼ਾਇਦ ਲੱਛਮਨ) ਕਰਨ ਜਾਂਦੇ ਹੋ, ਜੋ ਹਮੇਸ਼ਾ ਪੂਜਾ ਕਰ ਰਿਹਾ ਹੁੰਦਾ ਹੈ । ਤੇ ਦੋ ਢਾਈ ਘੰਟਿਆ ਤੋਂ ਪਹਿਲਾਂ ਜਿਸਦੀ ਮੂਰਤ ਦੌਲਤ ਦੇ ਅਨੰਦ-ਮੱਠ ਤੋਂ ਥੱਲੇ ਨਹੀਂ ਆਉਂਦੀ । ਹੁਣ ਉਹ ਆਉਂਦਾ ਹੈ, ਉਹਦੇ ਚਿਹਰੇ ਤੇ ਉਹੀ ਰੌਣਕ ਹੈ, ਜੋ ਬੋਧੀ ਬਿਰਖ ਦੇ ਥੱਲੇ ਆਉਣ ਨਾਲ ਬੁੱਧ ਦੇ ਚਿਹਰੇ ਤੇ ਸੀ ਅਤੇ ਤੁਹਾਨੂੰ ਅਜਿਹੀਆਂ ਤਿੱਖੀਆਂ ਨਜ਼ਰਾਂ ਨਾਲ ਦੇਖ ਰਿਹਾ ਹੈ ਕਿ ਆਪ ਨੂੰ ਆਪ ਦੇ ਪੁੱਤ ਦਿਖਾਈ ਦੇਣ ਲੱਗ ਜਾਂਦੇ ਹਨ । ਉਹ ਕੁੱਝ ਕਹਿੰਦਾ ਨਹੀਂ, ਉਹ ਮੁਸਕਰਾਉਂਦਾ ਹੈ, ਆਪ ਜਾਣ ਜਾਂਦੇ ਹੋ ਕਿ ਉਹ ਸਮਝ ਚੁਕਿਆ ਹੈ, ਪਰੋਡਿਊਸਰ ਦਾ ਆਪਣਾ ਕਿੰਨਾ ਪੈਸਾ ਫਸਿਆ ਹੈ, ਤਾਂ ਕਿ ਉਹ ਆਪਣੀ ਅਪਾਰ ਕਿਰਪਾ ਨਾਲ ਉਹਨੂੰ ਕੱਢ ਸਕੇ ।

ਜੇ ਪਰੋਡਿਊਸਰ ਨੇ ਕਾਸਟ ਚੰਗੀ ਸਾਈਨ ਕੀਤੀ ਹੈ ਅਤੇ ਸੇਠ ਦੇ ਲਈ ਭਗਵਾਨ ਦੀ ਦਿੱਤੀ ਹੋਈ ਛੋਟ ਚੰਗੀ ਹੈ, ਤਾਂ ਉਹ ਗੱਲ ਅੱਗੇ ਵਧਾਉਂਦਾ ਹੈ, ਨਹੀਂ ਤਾਂ ਨਹੀਂ । ਜੇ ਆਪ

ਕਹਿ ਦਿਉ ਕਿ ਮੈਂ ਆਮ ਪਰੋਡਿਊਸਰਾਂ ਵਰਗਾ ਨਹੀਂ, ਈਮਾਨਦਾਰ ਆਦਮੀ ਹਾਂ, ਮੰਨਿਆ ਹੋਇਆ ਲੇਖਕ ਹਾਂ, ਅਤੇ ਕਿ ਬੰਗਲਾ ਦੇਸ਼ ਦੀ ਵਜ੍ਹਾ ਨਾਲ ਦੇਸ਼ ਦਾ ਨਾਂ ਦੁਨੀਆਂ ਵਿਚ ਬਹੁਤ ਉੱਚਾ ਹੋ ਗਿਆ ਹੈ ਤਾਂ ਉਹ ਫਿਰ ਤੁਹਾਨੂੰ ਇਉਂ ਦੇਖਦਾ ਹੈ ਜਿਵੇਂ ਆਪ ਕੋਈ ਘੰਟਾ ਘਰ ਹੋ ਤੇ ਚੌਂਕ ਦੇ ਵਿੱਚ ਲੱਗੇ ਹੋਏ ਹੋ। ਛੇਤੀ ਹੀ ਆਪ ਦਬਦੇ ਦਬਦੇ ਆਮ ਪਰੋਡਿਊਸਰਾਂ ਵਾਂਗ ਗੱਲਾਂ ਕਰਨ ਲਗਦੇ ਹੋ, ਤਾਂ ਕਿਤੇ ਉਹਨਾਂ ਦੇ ਪੱਲੇ ਕੁੱਝ ਪੈਂਦਾ ਹੈ। ਆਪਣੀ ਸਭ ਤੋਂ ਵੱਡੀ ਕਮਜ਼ੋਰੀ ਬਲੈਕ ਐਂਡ ਵਾਈਟ ਫ਼ਿਲਮ ਦੀ ਛੁਪਾਉਣ ਲਈ ਤੁਹਾਨੂੰ ਰੰਗੀਨ ਗੱਲਾਂ ਕਰਨੀਆਂ ਪੈਂਦੀਆਂ ਹਨ। ਪਰ ਉਸ ਨੂੰ ਤੁਹਾਡਾ ਕਾਲਾ-ਚਿੱਟਾ ਪਤਾ ਲੱਗ ਚੁੱਕਾ ਹੈ—ਲੈਣ ਦੇਣ ਬਲਕਿ ਸਿਰਫ਼ ਲੈਣ ਦੇਣ ਦੇ ਸਿਲਸਿਲੇ ਵਿਚ ਹੁਣੇ ਹੁਣੇ ਭਗਵਾਨ ਨੇ ਉਸ ਨੂੰ ਦਿੱਬ-ਦ੍ਰਿਸ਼ਟੀ ਦਿੱਤੀ ਹੈ। ਜਦੋਂ ਤੁਸੀਂ ਮਾਯੂਸ ਹੋ ਕੇ ਪਰਤਣ ਲਗਦੇ ਹੋ, ਤਾਂ ਉਹ ਤੁਹਾਨੂੰ ਠਹਿਰਾ ਲੈਂਦਾ ਹੈ ਅਤੇ ਖ਼ੁਸ਼ ਹੋਣ ਦੇ ਅੰਦਾਜ਼ ਵਿੱਚ ਐਲਾਨ ਕਰਦਾ ਹੈ—ਮੈਂ ਪੈਸਾ ਲਗਾਵਾਂਗਾ ਪਰ ਵਰਲਡ ਕੰਟਰੋਲ ਦੇ ਨਿਯਮਾਂ ਤੇ। ਤੁਸੀਂ ਹੈਰਾਨ ਹੁੰਦੇ ਹੋ। ਵੈਸੇ ਛੋਟੀ ਜਿਹੀ ਫ਼ਿਲਮ, ਪੂਰੀ ਦੁਨੀਆਂ, ਅਕਾਸ਼ ਤੇ ਕਰੋੜਾਂ ਸਿਤਾਰੇ, ਲੱਖਾਂ ਮੀਲ ਦੂਰ, ਜਿਨ੍ਹਾਂ ਦੀ ਰੌਸ਼ਨੀ ਹੀ ਲੱਖਾਂ ਸਾਲਾਂ ਬਾਦ ਧਰਤੀ 'ਤੇ ਪਹੁੰਚਦੀ ਹੈ, ਕਿਉਂਕਿ ਰੋਸ਼ਨੀ ਦੀ ਰਫ਼ਤਾਰ ਬਹੁਤ ਸੁਸਤ ਹੈ। ਇੱਕ ਲੱਖ ਛਿਆਸੀ ਹਜ਼ਾਰ ਮੀਲ ਫ਼ੀ ਸੈਕਿੰਡ। ਏਡੀ ਵੱਡੀ ਦੁਨੀਆਂ ? ਇਸ ਵਿਚ ਮੈਂ ਇੱਕ ਮੱਖੀ, ਮੱਖੀ ਨਹੀਂ ਮੱਛਰ, ਮੱਛਰ ਵੀ ਨਹੀਂ, ਸਗੋਂ ਮੱਛਰ ਦਾ ਆਂਡਾ ਵੀ ਨਹੀਂ।

ਮੈਂ ਕਹਿ ਦਿੰਦਾ ਹਾਂ.. 'ਜੀ ਹਾਂ, ਮੈਨੂੰ ਮਨਜ਼ੂਰ ਹੈ।' ਸੇਠ ਹੈਰਾਨ ਹੋ ਕੇ ਵੇਖਦਾ ਹੈ। ਟਰਮਜ਼ ਤਾਂ ਮੈਂ ਦੱਸੇ ਹੀ ਨਹੀਂ ਅਤੇ ਇਹ ਮਨਜ਼ੂਰ। ਪਰ ਕਿਉਂਕਿ ਉਹ ਵੀ ਆਖ਼ਰ ਇਨਸਾਨ ਹੈ, ਇਸ ਲਈ ਸੋਚਦਾ ਹੈ ਕਿ ਸ਼ਾਇਦ ਗੱਲਾਂ ਗੱਲਾਂ ਵਿਚ ਹੀ ਦੱਸ ਗਿਆ ਹੋਵੇਗਾ ਅਤੇ ਹੁਣ ਭੁੱਲ ਗਿਆ ਹੈ। ਅਜੇ ਉਹ ਸ਼ੱਕ ਵਿਚ ਹੈ। ਪਰ ਸਾਰੀ ਗੱਲ ਯਕੀਨ ਵਿਚ ਬਦਲ ਜਾਂਦੀ ਹੈ। ਹੁਣ ਉਹਨੂੰ ਪਤਾ ਲਗਦਾ ਹੈ ਕਿ ਹੀਰੋਇਨ ਨੂੰ ਮਸ਼ਹੂਰ ਸਮਗਲਰ ਸੇਠ ਸਾਹਿਬਾਨ ਨੇ ਆਪਣੇ ਪੈਡਰ ਰੋਡ ਵਾਲੇ ਫ਼ਲੈਟ ਵਿਚ ਰੱਖਿਆ ਸੀ ਅਤੇ ਉਹਨੂੰ ਪੰਜ ਸੌ ਰੁਪਿਆ ਮਹੀਨਾ ਦਿੰਦੇ ਸੀ। ਖ਼ੈਰ ਗੱਲ ਤਹਿ ਹੁੰਦੀ ਹੈ ਕਿ ਅਸੀਂ ਦੇਵਾਂਗੇ। ਅਤੇ ਇਹ ਮਾਰ-ਪੁਚਕਾਰ ਤੋਂ ਘੱਟ ਨਹੀਂ, ਕਿਉਂਕਿ ਮੈਂ ਤਿੰਨ ਲੱਖ ਰੁਪਏ ਲੈ ਕੇ ਪਰੋਡਿਊਸਰ ਨੂੰ ਤੇਰਾਂ ਲੱਖ ਦਾ ਸੂਦ ਭਰਦੇ ਦੇਖਿਆ ਹੈ, ਜਿਸ ਵਿਚ ਪਰੋਡਿਊਸਰ ਵਿਚਾਰਾ ਤਿੰਨ-ਤੇਰਾਂ ਹੋ ਗਿਆ। ਸੇਠ ਫ਼ਿਲਮ ਇੰਡਸਟਰੀ ਦਾ ਅਲਖ ਦੇਵਤਾ ਹੈ। ਉਹ ਬਲੈਕ ਐਂਡ ਵਾਈਟ ਫ਼ਿਲਮ ਤੋਂ ਦੂਰ ਭੱਜਦਾ ਹੈ। ਪਰ ਪਰੋਡਿਊਸਰ ਨੂੰ ਅੱਸੀ ਫ਼ੀ ਸਦੀ ਬਲੈਕ ਅਤੇ ਵੀਹ ਫ਼ੀ ਸਦੀ ਵਾਈਟ ਵਿਚ ਦਿੰਦਾ ਹੈ।

ਪਰੋਡਿਊਸਰ ਬਲੈਕ, ਏਨਾਂ ਬਲੈਕ ਲੈਣ ਤੇ ਇਸ ਲਈ ਰਾਜ਼ੀ ਹੋ ਜਾਂਦਾ ਹੈ, ਕਿਉਂਕਿ ਉਹਨੂੰ ਵੀ ਤਾਂ ਡਾਇਰੈਕਟਰ ਮਿਊਜ਼ਿਕ ਡਾਇਰੈਕਟਰ, ਰਾਈਟਰ, ਐਡੀਟਰ ਅਤੇ ਹੋਰਨਾਂ ਸਾਰੇ ਕਲ ਪੁਰਜ਼ਿਆਂ ਨੂੰ ਬਲੈਕ ਦੇਣਾ ਪੈਂਦਾ ਹੈ। ਰਹੀ ਇਨਕਮ ਟੈਕਸ ਦੀ ਗੱਲ ਤੇ ਉਹ ਸਭ ਚਲਦਾ ਹੈ ! ਕੁਝ ਦਫ਼ਤਰ ਦੇ ਬਾਊਚਰ ਬਣਾਉਣ ਵਾਲੇ ਕਲਰਕ ਅਤੇ ਬਾਕੀ ਦਾ ਚਾਰਟਰਡ ਅਕਾਊਂਟੈਂਟ ਠੀਕ ਕਰਦੇ ਹਨ ਜੋ ਇਨਕਮ ਟੈਕਸ ਵਾਲਿਆਂ ਨੂੰ ਦੇਖਦਿਆਂ ਵੀ ਦਿਖਾਈ ਨਹੀਂ ਦਿੰਦਾ। ਪ੍ਰਧਾਨ ਮੰਤਰੀ ਤੋਂ ਲੈ ਕੇ, ਭੱਤਾ ਬਟੋਰਨ ਵਾਲੇ ਸਿਪਾਹੀ ਤੱਕ ਸਭ ਜਾਣਦੇ ਹਨ ਕਿ ਦੇਸ਼ ਵਿਚ ਕਾਲੇ ਧਨ ਦੀ ਇੱਕ ਦੂਜੀ ਹੀ ਸਰਕਾਰ ਚਲ ਰਹੀ ਹੈ। ਪਰ ਉਹ ਵੀ ਵਿਚਾਰੇ ਕੀ ਕਰਨ ? ਲੋਕ ਰਾਜ ਵਿਚ ਕੁੱਝ ਗੱਲਾਂ ਅਸਾਨੀ ਨਾਲ ਨਹੀਂ ਹੋ ਸਕਦੀਆਂ ਅਤੇ ਫਿਰ ਚੋਣਾਂ ਸਿਰ ਤੇ ਆ ਰਹੀਆਂ ਹਨ।

> ......ਇਸੇ ਤਰ੍ਹਾਂ ਹੀਰੋਇਨ ਨੂੰ ਅਨਾਰ, ਅੰਗੂਰ, ਮੌਸਮੀ-ਜੂਸ, ਕਾਫ਼ੀ, ਉਬਲੇ ਹੋਏ ਮੁਰਗੇ ਦੇ ਇਲਾਵਾ ਬੇਹਤਰੀਨ ਸ਼ਰਾਬਾਂ ਵੀ।..
> ..................
> ..................

ਸਾਡੇ ਸਟੂਡਿਓ ਬਹੁਤ ਵੱਡੇ ਅਸਤਬਲ ਹਨ। ਇਨ੍ਹਾਂ ਵਿਚ ਪਿਛਲੀ ਸਦੀ ਦੇ ਕੈਮਰੇ ਅਤੇ ਸਾਉਂਡ ਦਾ ਸਮਾਨ ਹੈ, ਪਰ ਚੀਜ਼ਾਂ ਦੀ ਮਹਿੰਗਾਈ ਦੇ ਕਾਰਨ ਕਿਰਾਇਆ ਦੁੱਗਣਾ। ਫਿਰ ਅੰਗੜਾਈ ਲੈ ਕੇ ਜਾਗੀ ਹੋਈ ਲੇਬਰ ਅਤੇ ਉਹਦੀ ਯੂਨੀਅਨ। ਸੁਵਹ ਦੀ ਸ਼ਿਫ਼ਟ ਵਿਚ ਕੰਮ ਕਰਨ ਵਾਲਿਆਂ ਨੂੰ ਵੀ ਲੰਚ ਅਤੇ ਸ਼ਾਮ ਦੀ ਸ਼ਿਫ਼ਟ ਵਾਲਿਆਂ ਨੂੰ ਵੀ ਲੰਚ। ਜੇ ਰਾਤ ਦੀ ਸ਼ਿਫ਼ਟ ਵਿਚ ਕੰਮ ਕਰਨ ਵਾਲਿਆਂ ਨੂੰ ਪੰਜ ਤੋਂ ਪੰਜ ਮਿੰਟ ਵੀ ਉੱਪਰ ਹੋ ਜਾਣ ਤਾਂ ਵਰਕਰਜ਼ ਲਈ ਲੰਚ। ਲੰਚ ਤਾਂ ਹੈ ਹੀ, ਲੇਕਿਨ ਡਿਨਰ ਵੀ ਲੰਚ ਅਤੇ ਬਰੇਕਫਾਸਟ ਵੀ ਲੰਚ। ਚਲੋ ਨਾਉਂ ਵਿਚ ਕੀ ਹੈ ? ਗੁਲਾਬ ਦੇ ਫੁੱਲ ਨੂੰ ਵੀ ਹੁਦ ਹੁਦ ਕਹਿ ਦੇਈਏ ਤਾਂ ਕੀ ਉਹ ਗੁਲਾਬ ਨਹੀਂ ਰਹਿੰਦਾ ? ਖ਼ਾਸ ਤੌਰ ਤੇ ਜਦੋਂ ਕਿ ਲੰਚ ਦਾ ਮਤਲਬ ਮਾਮੂਲੀ ਦਾਲ ਰੋਟੀ ਨਾ ਹੋਵੇ, ਸਿਰਫ਼ ਪੈਸੇ ਹੀ ਹੋਣ, ਛੇ ਅੱਠ ਗਣੇ।

## ਉਲਟੇ ਉਸਤਰੇ ਦੀ ਦੁਨੀਆਂ

ਫ਼ਿਲਮ ਦੀ ਪੂਰੀ ਦੁਨੀਆਂ ਇੱਕ ਉਲਟਾ ਉਸਤਰਾ ਹੈ, ਜਿਸ ਨਾਲ ਪਰੋਡਿਊਸਰ ਦਾ ਸਿਰ ਮੁੰਨਿਆ ਜਾਂਦਾ ਹੈ। ਲੱਖਾਂ ਰੁਪਏ ਲੈਣ ਦੇ ਬਾਵਜੂਦ ਜੇ ਤੁਹਾਡਾ ਹੀਰੋ ਪੈਟਰੋਲ ਦੇ ਪੈਸੇ ਨਾ ਮੰਗੇ ਤਾਂ ਉਹ ਬਹੁਤ ਚੰਗਾ ਤੇ ਪ੍ਰਸਿੱਧ ਵਿਅਕਤੀ ਸਮਝਿਆ ਜਾਂਦਾ ਹੈ। ਪਰ ਡਰਾਈਵਰ ਦੇ ਦਸ ਰੁਪਏ ਦੇ ਭੱਤੇ ਤੇ ਉਹ ਵੀ ਮਰ ਮਿਟਦਾ ਹੈ। ਫਿਰ ਉਹਦੀਆਂ ਸ਼ਰਤਾਂ ਮੇਕਅਪ ਮੈਨ ਉਹਦਾ ਅਪਣਾ ਹੋਊ ਅਤੇ ਉਹਦੀ ਤਨਖਾਹ ਪਰੋਡਿਊਸਰ ਨੂੰ ਦੇਣੀ ਪਵੇਗੀ,ਜਿਸਨੂੰ ਰੱਖਣ ਦਾ ਉਹਨੂੰ ਕੋਈ ਹੱਕ ਨਹੀਂ। ਇਸੇ ਤਰ੍ਹਾਂ ਹੀਰੋਇਨ ਨੂੰ ਅਨਾਰ,ਅੰਗੂਰ ਮੌਸੰਮੀ-ਜੂਸ, ਕਾਫ਼ੀ, ਉੱਬਲੇ ਹੋਏ ਮੁਰਗੇ ਦੇ ਇਲਾਵਾ ਬੇਹਤਰੀਨ ਸ਼ਰਾਬਾਂ ਵੀ। ਸਿਰਫ਼ ਕੋਈ ਸ਼ਰਤ ਨਹੀਂ ਤਾਂ ਪਰੋਡਿਊਸਰ ਦੀ। ਜੇ ਉਹ ਸਮੇਂ ਸਿਰ ਆਉਣ ਦੀ ਸ਼ਰਤ ਨੂੰ ਰੋਵੇ, ਕਾਰ ਲਿਆਵੇ ਤਾਂ ਅਗਲੇ ਹੀ ਰੋਜ਼ ਹੀਰੋਇਨ 'ਸੁਰਖ ਝੰਡ' ਦਿਖਾ ਦਿੰਦੀ ਹੈ।

ਆਪਣੀਆਂ ਸ਼ਰਤਾਂ ਨਾਲ ਸੜਿਆ ਬੁਝਿਆ ਇੱਕ ਦਿਨ ਮੈਂ ਕਿਸੇ ਡਮਰੂ ਤੇ ਬੈਠਾ ਸੀ ਕਿ ਕੋਈ ਹੋਰ ਪਰੋਡਿਊਸਰ ਆ ਗਿਆ। ਉਹ ਭੁੱਲ ਹੀ ਗਿਆ ਕਿ ਹੁਣ ਮੈਂ ਲੇਖਕ ਨਹੀਂ ਰਿਹਾ। ਬੋਲਿਆ—''ਬੇਦੀ ਸਾਹਿਬ ! ਮੈਂ 'ਛੀਨਾ ਝਪਟੀ' ਨਾਂ ਦੀ ਤਸਵੀਰ ਬਣਾ ਰਿਹਾ ਹਾਂ। ਉਪਜ ਕੁਮਾਰ ਅਤੇ ਯੂਹਨਾ ਨੂੰ ਲੈ ਲਿਆ ਹੈ, ਆਪ ਮੇਰੇ ਡਾਇਲਾਗ ਲਿਖ ਦਿਓਗੇ ?''

''ਜ਼ਰੂਰ ਲਿਖ ਦੇਵਾਂਗਾ,'' ਮੈਂ ਕਿਹਾ। ''ਪਰ ਮੇਰੀ ਇੱਕ ਸ਼ਰਤ ਹੈ।''

''ਕਹੋ।''

''ਹੇਅਰ ਡਰੈਸਰ ਮੇਰਾ ਹੋਵੇਗਾ।''

## ਨਾਚ ਅਤੇ ਕੱਾਮਡੀ ਕਿੱਥੇ ਹੈ ?

ਫ਼ਿਲਮ ਦੀਆਂ ਚਾਰ ਛੇ ਰੀਲਾਂ ਤਿਆਰ ਹੋ ਜਾਣ ਤਾਂ ਇਸ ਰਾਣੀ ਮੱਖੀ ਦੇ ਕੋਲ ਨਿਖੱਟੂਆਂ ਦਾ ਇੱਕ ਹੋਰ ਦਲ ਆਉਂਦਾ ਹੈ। ਆਪਣੀਆਂ ਛੇ ਰੀਲਾਂ ਦੇਖ ਕੇ ਕਹਿੰਦਾ ਹੈ—ਇਸ ਵਿਚ ਡਿਪਟੀ ਬਾਈ ਦਾ ਨਾਚ ਹੀ ਨਹੀਂ, ਅਤੇ ਨਾ ਹੀ ਕੋਈ ਕੱਾਮਡੀ ਹੈ। ਪਰੋ-ਡਿਊਸਰ ਕਹਿੰਦਾ ਹੈ—ਕੀ ਇਹ ਕੱਾਮਡੀ ਨਹੀਂ ਕਿ ਕੋਈ ਕੱਾਮਡੀ ਨਹੀਂ। ਉਹ ਆਦਮੀ ਆਪਣੇ ਰਿਸਕ ਦੀ ਗੱਲ ਕਰਦਾ ਹੈ, ਪਰੋਡਿਊਸਰ ਦੇ ਭਾਗ ਬਦਲ ਜਾਂਦੇ ਹਨ ਅਤੇ ਡਿਸਟਰੀਬਿਊਟਰ ਅਖਵਾਉਂਦਾ ਹੈ। ਇਹ ਲੋਕ ਨਾ ਰੋਣ ਵਿਚ ਹਨ ਅਤੇ ਨਾ ਮਰਨ ਵਿਚ। ਅਲਬੱਤਾ ਇਹ ਜਾਨਣ ਵਿਚ ਹਨ ਕਿ ਸਵਾ ਰੁਪਿਆ ਦੇ ਕੇ ਪਿਕਚਰ ਬੁਕ ਕਰ ਲੈਣ, ਪਰ ਕੀਹਦੇ ਪੈਸੇ ਤੇ ਕਿਹੇ ਪੈਸੇ ? ਪਰੋਡਿਊਸਰ ਇਨ੍ਹਾਂ ਨੂੰ ਖ਼ਤ ਲਿਖਦਾ ਹੈ, ਤਾਰ ਤੇ ਤਾਰ

ਸਾਜ਼ ਅਤੇ ਆਵਾਜ਼

ਪ੍ਰਸਿੱਧ ਪੰਜਾਬੀ-ਸਾਹਿੱਤਕਾਰ ਤੇ
ਫ਼ਿਲਮ ਪਰੋਡਿਊਸਰ ਰਾਜਿੰਦਰ ਸਿੰਘ ਬੇਦੀ ਦੀ ਕਲਮ ਤੋਂ

# ਫ਼ਿਲਮ-ਪਰੋਡਿਊਸਰ

## ਮੈਂ ਅਫਲਾਤੂਨ ! ਮੇਰੇ ਗਲ ਲੱਗ ਕੇ ਰੋਵੇ.........

ਇਨਸਾਨ ਦੀ ਤਕਦੀਰ ਵੀ ਅਜੀਬ ਬਾਦਸ਼ਾਹ ਹੈ, ਜਿਸ ਦੇ ਸਾਹਮਣੇ ਕੋਈ ਵੀ ਤਦਬੀਰ ਨਹ ਚਲਦੀ। ਪੁਰਾਣੇ ਸਮਿਆਂ ਦੇ ਬਾਦਸ਼ਾਹ ਵੀ ਜਦੋਂ ਕਿਸੇ 'ਤੇ ਨਰਾਜ਼ ਹੋ ਜਾਂਦੇ ਸਨ ਤਾਂ ਭਰੇ ਦਰਬਾਰ ਵਿਚ ਉਸਨੂੰ ਪਾਨ ਦਾ ਬੀੜਾ ਪੇਸ਼ ਕਰ ਦਿੰਦੇ ਸਨ। ਇਹ ਜਾਨਣ ਦੇ ਬਾਵਜੂਦ ਵੀ ਕਿ ਇਸ ਵਿੱਚ ਜ਼ਹਿਰ ਹੈ, ਉਸ ਵਿਚਾਰੇ ਨੂੰ ਖਾਣਾ ਪੈਂਦਾ ਸੀ ਅਤੇ ਆਪਣੀ ਵਫ਼ਾਦਾਰੀ ਦਾ ਸਬੂਤ ਦੇਣਾ ਪੈਂਦਾ ਸੀ।

ਮੇਰੇ ਨਾਲ ਤਾਂ ਬਚਪਨ ਤੋਂ ਹੀ ਅਜਿਹਾ ਹੁੰਦਾ ਆਇਆ ਹੈ। ਮੈਨੂੰ ਉਹ ਦਿਨ ਯਾਦ ਹੈ, ਜਦੋਂ ਕਿ ਮੇਰੇ ਮਾਸਟਰ ਮਖਣ ਸਿੰਘ ਮੇਰੇ 'ਤੇ ਖਫ਼ਾ ਹੋ ਗਏ ਅਤੇ ਕਹਿਣ ਲੱਗੇ, ਨਾਲ ਵਾਲੇ ਕਮਰੇ ਵਿੱਚ ਮੇਰਾ ਬੈਂਤ ਪਿਆ ਹੈ ਚੁੱਕ ਲਿਆ ਅਤੇ ਮੈਂ ਚੁੱਕ ਲਿਆਂਦਾ।

ਮੇਰੇ ਫ਼ਿਲਮੀ ਪਰੋਡਿਊਸਰ ਬਣਨ......ਦੀ ਕਹਾਣੀ ਕੁੱਝ ਅਜਿਹੀ ਹੀ ਹੈ।

ਮੈਨੂੰ ਗੱਲ ਦੇਰ ਵਿੱਚ ਸਮਝ ਆਉਂਦੀ ਹੈ, ਪਰ ਜੇ ਇਕ ਵਾਰ ਸਮਝ ਆ ਜਾਵੇ ਤਾਂ ਫਿਰ ਭੁਲਦੀ ਨਹੀਂ।

ਤੇਈ ਸਾਲ ਮੈਨੂੰ ਇਹ ਸਮਝਣ ਵਿੱਚ ਲੱਗੇ ਕਿ ਫ਼ਿਲਮੀ ਦੁਨੀਆਂ ਵਿਚ ਲੇਖਕ ਇੱਕ ਭੰਗੀ ਹੈ, ਧੋਖੇ ਵਿਚ ਜਿਸ ਨੂੰ ਹਰੀਜਨ ਦੇ ਨਾਂ ਨਾਲ ਬੁਲਾਇਆ ਜਾਂਦਾ ਹੈ। ਲੜ ਫੌਜ, ਨਾਂ ਸਰਕਾਰ ਦਾ। ਫਿਲਮ ਚੱਲ ਜਾਵੇ ਤਾਂ ਸਾਰੀ ਦਾਦ ਐਕਟਰਾਂ, ਪਰੋਡਿਊਸਰਾਂ ਅਤੇ ਡਾਇਰੈਕਟਰਾਂ ਦੇ ਹਿੱਸੇ ਆ ਜਾਂਦੀ ਹੈ, ਨਾ ਚੱਲੇ ਤਾਂ ਕਸੂਰ ਜੁੰਮੇ ਦੀ ਮਾਂ ਦਾ। ਕਿਉਂਕਿ 'ਸਕਰਿਪਟ ਪੂਰੀ ਕੀਤੇ ਬਿਨਾਂ ਤਸਵੀਰ ਸੈੱਟ ਤੇ ਨਹੀਂ ਜਾ ਸਕਦੀ' ਇਸ ਲਈ ਫ਼ਿਲਮ ਦੇ ਪੈਸੇ ਤਾਂ ਲੇਖਕ ਨੂੰ ਬਰਾਬਰ ਆਸਾਨੀ ਨਾਲ ਮਿਲ ਜਾਂਦੇ ਹਨ ਪਰ ਬਾਦ ਵਾਲੇ ਯਾਦ 'ਚ ਹੀ ਲਿਖੇ ਰਹਿ ਜਾਂਦੇ ਹਨ। ਹਰ ਅਗਲੀ ਕਿਸ਼ਤ ਲਈ ਉਸਨੂੰ ਕਿਸੇ ਟੈਕਸ, ਐਕਸੀਡੈਂਟ, ਬਿਮਾਰੀ ਆਦਿ ਦਾ ਬਹਾਨਾ ਬਣਾਉਣਾ ਪੈਂਦਾ ਹੈ। ਲੇਖਕ ਕਿਉਂਕਿ ਇਨਸਾਨ ਹੁੰਦਾ ਹੈ, ਉਹ ਭੁੱਲ ਜਾਂਦਾ ਹੈ ਕਿ ਪਿਛਲੀ ਕਿਸ਼ਤ ਦੇ ਸਮੇਂ ਆਪਣੀ ਮਾਂ ਦੇ ਸਵਰਗਵਾਸ ਹੋਣ ਦੀ ਗੱਲ ਕੀਤੀ ਸੀ ਤੇ ਹੁਣ ਉਸ ਦੇ ਬਿਮਾਰ ਹੋਣ ਦੀ ਕਰ ਰਿਹਾ ਹੈ।

ਸਾਡੀ ਫ਼ਿਲਮੀ ਦੁਨੀਆਂ ਵਿਚ ਪਰੋਡਿਊਸਰ ਬਣਨ ਲਈ ਕਿਸੇ ਖਾਸ ਖੂਬੀ ਦੀ ਜ਼ਰੂਰਤ ਨਹੀਂ। ਅਫਲਾਤੂਨ ਨੇ ਕਿਹਾ ਹੈ—"ਦੇਸ਼ ਭਗਤੀ ਇੱਕ ਲੁੱਚੇ ਦੀ ਆਖ਼ਰੀ ਪਨਾਹ ਹੈ।" ਇਹੋ ਮੈਂ ਭਾਰਤ ਦੀ ਫ਼ਿਲਮ ਪਰੋਡਿਊਸਰੀ ਦੇ ਬਾਰੇ ਵਿਚ ਆਖਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਜਿਵੇਂ ਸਾਡੇ ਦੇਸ਼-ਭਗਤ ਅਫਲਾਤੂਨ ਨਾਲ ਨਾਰਾਜ਼ ਨਹੀਂ ਹੁੰਦੇ ਉਸੇ ਤਰ੍ਹਾਂ ਹੀ ਮੇਰੇ ਪਰੋਡਿਊਸਰ ਭਾਈ ਮੇਰੇ ਨਾਲ ਨਰਾਜ਼ ਨਹੀਂ ਹੋਣਗੇ, ਬਲਕਿ ਮੈਨੂੰ ਮਿਲਕੇ ਮੇਰੇ ਗਲ ਲੱਗ ਕੇ ਰੋਣਗੇ।

## ਦਿਓ ਚਾਰ ਲਿਖੋ ਇੱਕ

ਪਰੋਡਿਊਸਰ ਦਾ ਚੱਕਰ ਪੱਚੀ ਹਜ਼ਾਰ ਦੀ ਠੱਗੀ-ਠੋਰੀ ਤੋਂ ਸ਼ੁਰੂ ਹੁੰਦਾ ਹੈ। ਉਹ ਇਹ ਪੈਸੇ ਬੀਵੀ ਤੋਂ ਦੁਰਾ ਲਵੇ ਜਾਂ ਭਾਈ ਤੋਂ ਉੜਾ ਲਵੇ। ਪਰ ਇੱਕ ਗੱਲ ਨਾ ਭੁੱਲੇ ਕਿ ਉਨ੍ਹਾਂ ਨਾਲ ਸਦਾ ਲਈ ਰਿਸ਼ਤਾ ਖਰਾਬ ਹੋਣ ਵਾਲਾ ਹੈ। ਕਿਉਂਕਿ ਇਹ ਪੈਸੇ ਖੁਦਾ ਹੀ ਗਰਦਨ ਦਬਾ ਕੇ ਕੱਢੇਗਾ ਅਤੇ ਉਹ ਵੀ ਅਗਲੇ ਜਨਮ ਵਿੱਚ। ਜਦੋਂ ਕਿ ਉਹਨੂੰ ਪਤਾ ਹੀ ਨਹੀਂ ਹੋਊ ਕਿ ਉਹਦਾ ਕਸੂਰ ਕੀ ਹੈ। ਸੋ, ਉਹ ਰੁਪਿਆ ਹੱਥ ਵਿੱਚ ਲੈ ਕੇ ਪਹਿਲਾ ਹੀਰੋ ਜਾਂ ਹੀਰੋਇਨ ਨਾਲ ਮਾਮਲਾ ਤਹਿ ਕਰਦਾ ਹੈ। ਹੀਰੋ ਤਾਂ ਖਰੀ ਖਰੀ ਕਹਿ ਦਿੰਦਾ ਹੈ, ਇਨਸਾਨ ਨੂੰ ਉਸਦੀ ਔਕਾਤ ਦੱਸਦਾ ਹੈ, ਪਰ ਹੀਰੋਇਨ ਲੱਛਮੀ ਹੋਣ ਕਾਰਨ ਅਜਿਹਾ ਨਹੀਂ ਕਰਦੀ। ਉਹ ਆਪਣੀ ਹਰ ਤਕਲੀਫ, ਡਰਾਇੰਗਰੂਮ ਵਿਚ ਬੈਠੀ ਹੋਈ, ਸੌਦੇ ਤੇ ਨਖ਼ਰਿਆਂ ਦੇ ਵਿਚ ਆਪਣੀ ਕੀਮਤ ਦੁੱਗਣੀ ਦੱਸਦੀ ਹੋਈ ਆਖ਼ਿਰ ਡੇਢੀ ਵਿਚ ਮੰਨ ਜਾਂਦੀ ਹੈ। ਹੀਰੋ ਤੇ ਹੀਰੋਇਨ ਦੇ ਕਬੀਲਿਆਂ ਦੇ ਲੋਕ ਚਾਰ ਲੈਣਗੇ ਤੇ ਲਿਖ ਕੇ ਇੱਕ ਦੇਣਗੇ, ਜਿਵੇਂ ਕੋਈ ਨੜਿਨਵੇਂ ਜੁੱਤੇ ਮਾਰ ਕੇ ਗਿਣਤੀ ਭੁੱਲ ਜਾਵੇ। ਕੁੱਝ ਅਜਿਹਾ ਹੀ 'ਚੰਗੇ' ਡਾਇਰੈਕਟਰ, ਮਿਊਜ਼ਿਕ ਡਾਇਰੈਕਟਰ ਅਤੇ ਹੋਰ ਕਰਦੇ ਹਨ। ਉਹਨਾਂ ਨੂੰ ਠੀਕ ਕਰਕੇ ਤੁਸੀਂ ਸੇਠ ਨੂੰ ਰਾਮ ਰਾਮ (ਜਾਂ ਸ਼ਾਇਦ ਲੱਛਮਨ) ਕਰਨ ਜਾਂਦੇ ਹੋ, ਜੋ ਹਮੇਸ਼ਾ ਪੂਜਾ ਕਰ ਰਿਹਾ ਹੁੰਦਾ ਹੈ। ਤੇ ਦੋ ਢਾਈ ਘੰਟਿਆ ਤੋਂ ਪਹਿਲਾਂ ਜਿਸਦੀ ਮੂਰਤ ਦੌਲਤ ਦੇ ਅਨੰਦ-ਮੱਠ ਤੋਂ ਥੱਲੇ ਨਹੀਂ ਆਉਂਦੀ। ਹੁਣ ਉਹ ਆਉਂਦਾ ਹੈ, ਉਹਦੇ ਚਿਹਰੇ ਤੇ ਉਹੀ ਰੌਣਕ ਹੈ, ਜੋ ਬੋਧੀ ਬਿਰਖ ਦੇ ਥੱਲੇ ਆਉਣ ਨਾਲ ਬੁੱਧ ਦੇ ਚਿਹਰੇ ਤੇ ਸੀ ਅਤੇ ਤੁਹਾਨੂੰ ਅਜਿਹੀਆਂ ਤਿੱਖੀਆਂ ਨਜ਼ਰਾਂ ਨਾਲ ਦੇਖ ਰਿਹਾ ਹੈ ਕਿ ਆਪ ਨੂੰ ਆਪ ਦੇ ਪੁੱਤ ਦਿਖਾਈ ਦੇਣ ਲੱਗ ਜਾਂਦੇ ਹਨ। ਉਹ ਕੁੱਝ ਕਹਿੰਦਾ ਨਹੀਂ, ਉਹ ਮੁਸਕਰਾਉਂਦਾ ਹੈ, ਆਪ ਜਾਣ ਜਾਂਦੇ ਹੋ ਕਿ ਉਹ ਸਮਝ ਚੁਕਿਆ ਹੈ, ਪਰੋਡਿਊਸਰ ਦਾ ਆਪਣਾ ਕਿੰਨਾ ਪੈਸਾ ਫਸਿਆ ਹੈ, ਤਾਂ ਕਿ ਉਹ ਆਪਣੀ ਅਪਾਰ ਕਿਰਪਾ ਨਾਲ ਉਹਨੂੰ ਕੱਢ ਸਕੇ।

ਜੇ ਪਰੋਡਿਊਸਰ ਨੇ ਕਾਸਟ ਚੰਗੀ ਸਾਈਨ ਕੀਤੀ ਹੈ ਅਤੇ ਸੇਠ ਦੇ ਲਈ ਭਗਵਾਨ ਦੀ ਦਿੱਤੀ ਹੋਈ ਛੋਟ ਚੰਗੀ ਹੈ, ਤਾਂ ਉਹ ਗੱਲ ਅੱਗੇ ਵਧਾਉਂਦਾ ਹੈ, ਨਹੀਂ ਤਾਂ ਨਹੀਂ। ਜੇ ਆਪ

ਕਹਿ ਦਿਉ ਕਿ ਮੈਂ ਆਮ ਪਰੋਡਿਯੂਸਰਾਂ ਵਰਗਾ ਨਹੀਂ, ਈਮਾਨਦਾਰ ਆਦਮੀ ਹਾਂ, ਮੰਨਿਆ ਹੋਇਆ ਲੇਖਕ ਹਾਂ, ਅਤੇ ਕਿ ਬੰਗਲਾ ਦੇਸ਼ ਦੀ ਵਜ੍ਹਾ ਨਾਲ ਦੇਸ਼ ਦਾ ਨਾਂ ਦੁਨੀਆਂ ਵਿਚ ਬਹੁਤ ਉੱਚਾ ਹੋ ਗਿਆ ਹੈ ਤਾਂ ਉਹ ਫਿਰ ਤੁਹਾਨੂੰ ਇਉਂ ਵੇਖਦਾ ਹੈ ਜਿਵੇਂ ਆਪ ਕੋਈ ਘੰਟਾ ਘਰ ਹੋ ਤੇ ਚੌਂਕ ਦੇ ਵਿੱਚ ਲੱਗੇ ਹੋਏ ਹੋ। ਛੇਤੀ ਹੀ ਆਪ ਦਬਦੇ ਦਬਦੇ ਆਮ ਪਰੋਡਿਯੂਸਰਾਂ ਵਾਂਗ ਗੱਲਾਂ ਕਰਨ ਲਗਦੇ ਹੋ, ਤਾਂ ਕਿਤੇ ਉਹਨਾਂ ਦੇ ਪੱਲੇ ਕੁੱਝ ਪੈਂਦਾ ਹੈ। ਆਪਣੀ ਸਭ ਤੋਂ ਵੱਡੀ ਕਮਜ਼ੋਰੀ ਬਲੈਕ ਐਂਡ ਵਾਈਟ ਫ਼ਿਲਮ ਦੀ ਛਪਾਉਣ ਲਈ ਤੁਹਾਨੂੰ ਰੰਗੀਨ ਗੱਲਾਂ ਕਰਨੀਆਂ ਪੈਂਦੀਆਂ ਹਨ। ਪਰ ਉਸ ਨੂੰ ਤੁਹਾਡਾ ਕਾਲਾ-ਚਿੱਟਾ ਪਤਾ ਲੱਗ ਚੁੱਕਾ ਹੈ—ਲੈਣ ਦੇਣ ਬਲਕਿ ਸਿਰਫ਼ ਲੈਣ ਦੇਣ ਦੇ ਸਿਲਸਿਲੇ ਵਿਚ ਹੁਣੇ ਹੁਣੇ ਭਗਵਾਨ ਨੇ ਉਸ ਨੂੰ ਦਿੱਬ-ਦ੍ਰਿਸ਼ਟੀ ਦਿੱਤੀ ਹੈ। ਜਦੋਂ ਤੁਸੀਂ ਮਾਯੂਸ ਹੋ ਕੇ ਪਰਤਣ ਲਗਦੇ ਹੋ, ਤਾਂ ਉਹ ਤੁਹਾਨੂੰ ਠਹਿਰਾ ਲੈਂਦਾ ਹੈ ਅਤੇ ਖੁਸ਼ ਹੋਣ ਦੇ ਅੰਦਾਜ਼ ਵਿੱਚ ਐਲਾਨ ਕਰਦਾ ਹੈ—ਮੈਂ ਪੈਸਾ ਲਗਾਵਾਂਗਾ ਪਰ ਵਰਲਡ ਕੰਟਰੋਲ ਦੇ ਨਿਯਮਾਂ ਤੇ। ਤੁਸੀਂ ਹੈਰਾਨ ਹੁੰਦੇ ਹੋ। ਵੈਸੇ ਛੋਟੀ ਜਿਹੀ ਫ਼ਿਲਮ, ਪੂਰੀ ਦੁਨੀਆਂ, ਅਕਾਸ਼ ਤੇ ਕਰੋੜਾਂ ਸਿਤਾਰੇ, ਲੱਖਾਂ ਮੀਲ ਦੂਰ, ਜਿੰਨ੍ਹਾਂ ਦੀ ਰੌਸ਼ਨੀ ਹੀ ਲੱਖਾਂ ਸਾਲਾਂ ਬਾਦ ਧਰਤੀ 'ਤੇ ਪਹੁੰਚਦੀ ਹੈ, ਕਿਉਂਕਿ ਰੌਸ਼ਨੀ ਦੀ ਰਫ਼ਤਾਰ ਬਹੁਤ ਸੁਸਤ ਹੈ। ਇੱਕ ਲੱਖ ਛਿਆਸੀ ਹਜ਼ਾਰ ਮੀਲ ਫ਼ੀ ਸੈਕਿੰਡ। ਏਡੀ ਵੱਡੀ ਦੁਨੀਆਂ ? ਇਸ ਵਿਚ ਮੈਂ ਇੱਕ ਮੱਖੀ, ਮੱਖੀ ਨਹੀਂ ਮੱਛਰ, ਮੱਛਰ ਵੀ ਨਹੀਂ, ਸਗੋਂ ਮੱਛਰ ਦਾ ਆਂਡਾ ਵੀ ਨਹੀਂ।

ਮੈਂ ਕਹਿ ਦਿੰਦਾ ਹਾਂ.. 'ਜੀ ਹਾਂ, ਮੈਨੂੰ ਮਨਜ਼ੂਰ ਹੈ।' ਸੇਠ ਹੈਰਾਨ ਹੋ ਕੇ ਵੇਖਦਾ ਹੈ। ਟਰਮਜ਼ ਤਾਂ ਮੈਂ ਦੱਸੇ ਹੀ ਨਹੀਂ ਅਤੇ ਇਹ ਮਨਜ਼ੂਰ। ਪਰ ਕਿਉਂਕਿ ਉਹ ਵੀ ਆਖ਼ਰ ਇਨਸਾਨ ਹੈ, ਇਸ ਲਈ ਸੋਚਦਾ ਹੈ ਕਿ ਸ਼ਾਇਦ ਗੱਲਾਂ ਗੱਲਾਂ ਵਿਚ ਹੀ ਦੱਸ ਗਿਆ ਹੋਵੇਗਾ ਅਤੇ ਹੁਣ ਭੁੱਲ ਗਿਆ ਹੈ। ਅਜੇ ਉਹ ਸ਼ੱਕ ਵਿਚ ਹੈ। ਪਰ ਸਾਰੀ ਗੱਲ ਯਕੀਨ ਵਿਚ ਬਦਲ ਜਾਂਦੀ ਹੈ। ਹੁਣ ਉਹਨੂੰ ਪਤਾ ਲਗਦਾ ਹੈ ਕਿ ਹੀਰੋਇਨ ਨੂੰ ਮਸ਼ਹੂਰ ਸਮਗਲਰ ਸੇਠ ਸਾਹਿਬਾਨ ਨੇ ਆਪਣੇ ਪੈਡਰ ਰੋਡ ਵਾਲੇ ਫ਼ਲੈਟ ਵਿਚ ਰੱਖਿਆ ਸੀ ਅਤੇ ਉਹਨੂੰ ਪੰਜ ਸੌ ਰੁਪਿਆ ਮਹੀਨਾ ਦਿੰਦੇ ਸਾਂ। ਖ਼ੈਰ ਗੱਲ ਤਹਿ ਹੁੰਦੀ ਹੈ ਕਿ ਅਸੀਂ ਦੇਵਾਂਗੇ। ਅਤੇ ਇਹ ਮਾਰ-ਪੁਚਕਾਰ ਤੋਂ ਘੱਟ ਨਹੀਂ, ਕਿਉਂਕਿ ਮੈਂ ਤਿੰਨ ਲੱਖ ਰੁਪਏ ਲੈ ਕੇ ਪਰੋਡਿਊਸਰ ਨੂੰ ਤੇਰਾਂ ਲੱਖ ਦਾ ਸੂਦ ਭਰਦੇ ਵੇਖਿਆ ਹੈ, ਜਿਸ ਵਿਚ ਪਰੋਡਿਊਸਰ ਵਿਚਾਰਾ ਤਿੰਨ-ਤੇਰਾਂ ਹੋ ਗਿਆ। ਸੇਠ ਫ਼ਿਲਮ ਇੰਡਸਟਰੀ ਦਾ ਅਲਖ ਦੇਵਤਾ ਹੈ। ਉਹ ਬਲੈਕ ਐਂਡ ਵਾਈਟ ਫ਼ਿਲਮ ਤੋਂ ਦੂਰ ਭੱਜਦਾ ਹੈ। ਪਰ ਪਰੋਡਿਊਸਰ ਨੂੰ ਅੱਸੀ ਫ਼ੀ ਸਦੀ ਬਲੈਕ ਅਤੇ ਬੀਹ ਫ਼ੀ ਸਦੀ ਵਾਈਟ ਵਿਚ ਦਿੰਦਾ ਹੈ।

ਪਰੋਡਿਯੂਸਰ ਬਲੈਕ, ਏਨਾਂ ਬਲੈਕ ਲੈਣ ਤੇ ਇਸ ਲਈ ਰਾਜ਼ੀ ਹੋ ਜਾਂਦਾ ਹੈ, ਕਿਉਂਕਿ ਉਹਨੂੰ ਵੀ ਤਾਂ ਡਾਇਰੈਕਟਰ ਮਿਊਜ਼ਿਕ ਡਾਇਰੈਕਟਰ, ਰਾਈਟਰ, ਐਡੀਟਰ ਅਤੇ ਹੋਰਨਾਂ ਸਾਰੇ ਕਲ ਪੁਰਜ਼ਿਆਂ ਨੂੰ ਬਲੈਕ ਦੇਣਾ ਪੈਂਦਾ ਹੈ। ਰਹੀ ਇਨਕਮ ਟੈਕਸ ਦੀ ਗੱਲ ਤੇ ਉਹ ਸਭ ਚਲਦਾ ਹੈ! ਕੁਝ ਦਫ਼ਤਰ ਦੇ ਬਊਚਰ ਬਣਾਉਣ ਵਾਲੇ ਕਲਰਕ ਅਤੇ ਬਾਕੀ ਦਾ ਚਾਰਟਰਡ ਅਕਾਊਂਟੈਂਟ ਠੀਕ ਕਰਦੇ ਹਨ ਜੋ ਇਨਕਮ ਟੈਕਸ ਵਾਲਿਆਂ ਨੂੰ ਦੇਖਦਿਆਂ ਵੀ ਦਿਖਾਈ ਨਹੀਂ ਦਿੰਦਾ। ਪ੍ਰਧਾਨ ਮੰਤਰੀ ਤੋਂ ਲੈ ਕੇ, ਭੱਤਾ ਬਟੋਰਨ ਵਾਲੇ ਸਿਪਾਹੀ ਤੱਕ ਸਭ ਜਾਣਦੇ ਹਨ ਕਿ ਦੇਸ਼ ਵਿਚ ਕਾਲੇ ਧਨ ਦੀ ਇੱਕ ਦੂਜੀ ਹੀ ਸਰਕਾਰ ਚਲ ਰਹੀ ਹੈ। ਪਰ ਉਹ ਵੀ ਵਿਚਾਰੇ ਕੀ ਕਰਨ ? ਲੋਕ ਰਾਜ ਵਿਚ ਕੁੱਝ ਗਲਾਂ ਅਸਾਨੀ ਨਾਲ ਨਹੀਂ ਹੋ

.......ਇਸੇ ਤਰ੍ਹਾਂ ਹੀਰੋਇਨ ਨੂੰ ਅਨਾਰ, ਅੰਗੂਰ, ਮੌਸਮੀ-ਜੂਸ, ਕਾਫ਼ੀ, ਉੱਬਲੇ ਹੋਏ ਮੁਰਗੇ ਦੇ ਇਲਾਵਾ ਬੇਹਤਰੀਨ ਸ਼ਰਾਬਾਂ ਵੀ।..

.......................

.......................

ਸਕਦੀਆਂ ਅਤੇ ਫਿਰ ਚੋਣਾਂ ਸਿਰ ਤੇ ਆ ਰਹੀਆਂ ਹਨ।

ਸਾਡੇ ਸਟੂਡਿਉ ਬਹੁਤ ਵੱਡੇ ਅਸਤਬਲ ਹਨ। ਇਨ੍ਹਾਂ ਵਿਚ ਪਿਛਲੀ ਸਦੀ ਦੇ ਕੈਮਰੇ ਅਤੇ ਸਾਉਂਡ ਦਾ ਸਮਾਨ ਹੈ, ਪਰ ਚੀਜ਼ਾਂ ਦੀ ਮਹਿੰਗਾਈ ਦੇ ਕਾਰਨ ਕਿਰਾਇਆ ਦੁੱਗਣਾ। ਫਿਰ ਅੰਗੜਾਈ ਲੈ ਕੇ ਜਾਗੀ ਹੋਈ ਲੇਬਰ ਅਤੇ ਉਹਦੀ ਯੂਨੀਅਨ। ਸੁਵਹ ਦੀ ਸ਼ਿਫ਼ਟ ਵਿਚ ਕੰਮ ਕਰਨ ਵਾਲਿਆਂ ਨੂੰ ਵੀ ਲੰਚ ਅਤੇ ਸ਼ਾਮ ਦੀ ਸ਼ਿਫ਼ਟ ਵਾਲਿਆਂ ਨੂੰ ਵੀ ਲੰਚ। ਜੇ ਰਾਤ ਦੀ ਸ਼ਿਫ਼ਟ ਵਿਚ ਕੰਮ ਕਰਨ ਵਾਲਿਆਂ ਨੂੰ ਪੰਜ ਤੋਂ ਪੰਜ ਮਿੰਟ ਵੀ ਉੱਪਰ ਹੋ ਜਾਣ ਤਾਂ ਵਰਕਰਜ਼ ਲਈ ਲੰਚ। ਲੰਚ ਤਾਂ ਹੈ ਹੀ, ਲੇਕਿਨ ਡਿਨਰ ਵੀ ਲੰਚ ਅਤੇ ਬਰੇਕਫ਼ਾਸਟ ਵੀ ਲੰਚ। ਚਲੋ ਨਾਉਂ ਵਿਚ ਕੀ ਹੈ ? ਗੁਲਾਬ ਦੇ ਫੁੱਲ ਨੂੰ ਵੀ ਹੁਦ ਹੁਦ ਕਹਿ ਦੇਈਏ ਤਾਂ ਕੀ ਉਹ ਗੁਲਾਬ ਨਹੀਂ ਰਹਿੰਦਾ ? ਖ਼ਾਸ ਤੌਰ ਤੇ ਜਦੋਂ ਕਿ ਲੰਚ ਦਾ ਮਤਲਬ ਮਾਮੂਲੀ ਦਾਲ ਰੋਟੀ ਨਾ ਹੋਵੇ, ਸਿਰਫ਼ ਪੈਸੇ ਹੀ ਹੋਣ, ਛੇ ਅੱਠ ਗਣੇ।

## ਉਲਟੇ ਉਸਤਰੇ ਦੀ ਦੁਨੀਆਂ

ਫ਼ਿਲਮ ਦੀ ਪੂਰੀ ਦੁਨੀਆਂ ਇੱਕ ਉਲਟਾ ਉਸਤਰਾ ਹੈ, ਜਿਸ ਨਾਲ ਪਰੋਡਿਯੂਸਰ ਦਾ ਸਿਰ ਮੁੰਨਿਆ ਜਾਂਦਾ ਹੈ। ਲੱਖਾਂ ਰੁਪਏ ਲੈਣ ਦੇ ਬਾਵਜ਼ੂਦ ਜੇ ਤੁਹਾਡਾ ਹੀਰੋ ਪੈਟਰੋਲ ਦੇ ਪੈਸੇ ਨਾ ਮੰਗੇ ਤਾਂ ਉਹ ਬਹੁਤ ਚੰਗਾ ਤੇ ਪ੍ਰਸਿੱਧ ਵਿਅਕਤੀ ਸਮਝਿਆ ਜਾਂਦਾ ਹੈ। ਪਰ ਡਰਾਈਵਰ ਦੇ ਦਸ ਰੁਪਏ ਦੇ ਭੱਤੇ ਤੇ ਉਹ ਵੀ ਮਰ ਮਿਟਦਾ ਹੈ। ਫਿਰ ਉਹਦੀਆਂ ਸਰਤਾਂ ਮੇਕਅਪ ਮੈਨ ਉਹਦਾ ਅਪਣਾ ਹੋਊ ਅਤੇ ਉਹਦੀ ਤਨਖਾਹ ਪਰੋਡਿਯੂਸਰ ਨੂੰ ਦੇਣੀ ਪਵੇਗੀ, ਜਿਸਨੂੰ ਰੱਖਣ ਦਾ ਉਹਨੂੰ ਕੋਈ ਹੱਕ ਨਹੀਂ। ਇਸੇ ਤਰ੍ਹਾਂ ਹੀਰੋਇਨ ਨੂੰ ਅਨਾਰ, ਅੰਗੂਰ ਮੌਸੰਮੀ-ਜੂਸ, ਕਾਫ਼ੀ, ਉੱਬਲੇ ਹੋਏ ਮੁਰਗੇ ਦੇ ਇਲਾਵਾ ਬੇਹਤਰੀਨ ਸ਼ਰਾਬਾਂ ਵੀ। ਸਿਰਫ਼ ਕੋਈ ਸ਼ਰਤ ਨਹੀਂ ਤਾਂ ਪਰੋਡਿਯੂਸਰ ਦੀ। ਜੇ ਉਹ ਸਮੇਂ ਸਿਰ ਆਉਣ ਦੀ ਸ਼ਰਤ ਨੂੰ ਰੋਵੇ, ਕਾਰ ਲਿਆਵੇ ਤਾਂ ਅਗਲੇ ਹੀ ਰੋਜ਼ ਹੀਰੋਇਨ 'ਸੁਰਖ ਝੰਡੇ' ਦਿਖਾ ਦਿੰਦੀ ਹੈ।

ਆਪਣੀ ਮਾਂ ਸ਼ਰਤਾਂ ਨਾਲ ਸੜਿਆ ਬੁਝਿਆ ਇੱਕ ਦਿਨ ਮੈਂ ਕਿਸੇ ਡਮਰੂ ਤੇ ਬੈਠਾ ਸੀ ਕਿ ਕੋਈ ਹੋਰ ਪਰੋਡਿਯੂਸਰ ਆ ਗਿਆ। ਉਹ ਭੁੱਲ ਹੀ ਗਿਆ ਕਿ ਹੁਣ ਮੈਂ ਲੇਖਕ ਨਹੀਂ ਰਿਹਾ। ਬੋਲਿਆ—''ਬੇਦੀ ਸਾਹਿਬ ! ਮੈਂ 'ਛੀਨਾ ਝਪਟੀ' ਨਾਂ ਦੀ ਤਸਵੀਰ ਬਣਾ ਰਿਹਾ ਹਾਂ। ਉਪਜ ਕੁਮਾਰ ਅਤੇ ਯੂਹਨਾ ਨੂੰ ਲੈ ਲਿਆ ਹੈ, ਆਪ ਮੇਰੇ ਡਾਇਲਾਗ ਲਿਖ ਦਿਓਗੇ ?"

''ਜ਼ਰੂਰ ਲਿਖ ਦੇਵਾਂਗਾ,'' ਮੈਂ ਕਿਹਾ। ''ਪਰ ਮੇਰੀ ਇੱਕ ਸ਼ਰਤ ਹੈ।''

"ਕਹੋ।"

"ਹੇਅਰ ਡਰੈਸਰ ਮੇਰਾ ਹੋਵੇਗਾ।"

## ਨਾਚ ਅਤੇ ਕੱਾਮਡੀ ਕਿੱਥੇ ਹੈ ?

ਫ਼ਿਲਮ ਦੀਆਂ ਚਾਰ ਛੇ ਰੀਲਾਂ ਤਿਆਰ ਹੋ ਜਾਣ ਤਾਂ ਇਸ ਰਾਣੀ ਮੱਖੀ ਦੇ ਕੋਲ ਨਿਖੱਟੂਆਂ ਦਾ ਇੱਕ ਹੋਰ ਦਲ ਆਉਂਦਾ ਹੈ। ਆਪਣੀਆਂ ਛੇ ਰੀਲਾਂ ਦੇਖ ਕੇ ਕਹਿੰਦਾ ਹੈ —ਇਸ ਵਿਚ ਡਿਪਟੀ ਬਾਈ ਦਾ ਨਾਚ ਹੀ ਨਹੀਂ, ਅਤੇ ਨਾ ਹੀ ਕੋਈ ਕੱਾਮਡੀ ਹੈ। ਪਰੋ-ਡਿਯੂਸਰ ਕਹਿੰਦਾ ਹੈ—ਕੀ ਇਹ ਕੱਮਡੀ ਨਹੀਂ ਕਿ ਕੋਈ ਕੱਾਮਡੀ ਨਹੀਂ। ਉਹ ਆਦਮੀ ਆਪਣੇ ਰਿਸਕ ਦੀ ਗੱਲ ਕਰਦਾ ਹੈ, ਪਰੋਡਿਯੂਸਰ ਦੇ ਭਾਗ ਬਦਲ ਜਾਂਦੇ ਹਨ ਅਤੇ ਡਿਸਟਰੀਬਿਊਟਰ ਅਖਵਾਉਂਦਾ ਹੈ। ਇਹ ਲੋਕ ਨਾ ਰੋਣ ਵਿਚ ਹਨ ਅਤੇ ਨਾ ਮਰਨ ਵਿਚ। ਅਲਬੱਤਾ ਇਹ ਜਾਨਣ ਵਿਚ ਹਨ ਕਿ ਸਾਰਾ ਰੁਪਿਆ ਦੇ ਕੇ ਪਿਕਚਰ ਬੁਕ ਕਰ ਲੈਣ, ਪਰ ਕੀਹਦੇ ਪੈਸੇ ਤੇ ਕਿਹੇ ਪੈਸੇ ? ਪਰੋਡਿਯੂਸਰ ਇਨ੍ਹਾਂ ਨੂੰ ਖ਼ਤ ਲਿਖਦਾ ਹੈ, ਤਾਰ ਤੇ ਤਾਰ

ਭੇਜਦਾ ਹੈ, ਪਰ ਉਨ੍ਹਾਂ ਨੇ ਦਫ਼ਤਰ ਦੇ ਹੈੱਡ ਕਲਰਕ ਨੂੰ ਸਿਖਾ ਰਖਿਆ ਹੈ ਕਿ ਉਹੀ ਪੱਕਾ ਜਵਾਬ ਦਿਓ—ਸੇਠ ਸ਼ਹਿਰ ਤੋਂ ਬਾਹਰ ਹਨ, ਆਉਂਦੇ ਹੀ ਆਪਦਾ ਸਭ ਕੁੱਝ ਉਨ੍ਹਾਂ ਸਾਹਮਣੇ ਰੱਖ ਦਿੱਤਾ ਜਾਵੇਗਾ। ਇਹ ਲੋਕ ਹੋਰ ਕੁਝ ਨਹੀਂ ਜਾਣਦੇ ਸਿਰਫ਼ ਇੱਕ ਗੱਲ ਦੇ ਸਿਵਾ ਕਿ ਪਰੋਡਿਊਸਰ ਦੇ ਮਾਲ ਨਾਲ ਮਾਲ ਕਿਵੇਂ ਬਣਾਇਆ ਜਾ ਸਕਦਾ ਹੈ। ਆਪਣੇ ਸਵਾ ਦਾ ਕਿਵੇਂ ਸੌ ਬਣਾਇਆ ਜਾਂਦਾ ਹੈ। ਇਸ ਗੱਲ ਵੱਲ ਇਸ਼ਾਰਾ ਕਰੀਏ ਤਾਂ ਉਹ ਸਿਨੇਮਾ ਹਾਲ ਵਾਲਿਆਂ ਨੂੰ ਗਾਲਾਂ ਦੇਣ ਲੱਗ ਪੈਣਗੇ। ਇਹ ਸੱਚ ਹੈ ਕਿ ਥੀਏਟਰ ਦੇ ਪਰੋਟੈਕਸ਼ਨ ਪੈਸਿਆਂ ਦੀ ਇਹ ਲਤ ਆਮ ਹੈ, ਪਰ ਇਹ ਜਿੱਥੇ ਤਿੰਨ ਹਜ਼ਾਰ ਵੀ ਦੇਣਗੇ, ਪੰਦਰਾਂ ਹਜ਼ਾਰ ਦਿਖਾਉਣਗੇ। ਵਿਚੋਂ ਪੈਸੇ ਖਾ ਜਾਣਗੇ। ਇਹ ਇਸ ਗੱਲ ਦੀ ਇੰਤਜ਼ਾਰ ਵਿਚ ਰਹਿੰਦੇ ਹਨ 'ਕਿ ਕੋਈ ਦੂਜਾ ਡਿਸਟਰੀਬਿਊਟਰ ਬੇਵਕੂਫ਼ ਬਣੇ ਅਤੇ ਆਪਣੇ ਸਰਕਿਟ ਵਿਚ ਪਿਕਚਰ ਰਲੀਜ਼ ਕਰ ਦੇਵੇ। ਅਗਰ ਉਹ ਚਲ ਗਈ ਤਾਂ ਉਨ੍ਹਾਂ ਦਾ ਕਾਨਟਰੈਕਟ ਖਰਾ, ਨਹੀਂ ਤਾਂ ਤਸਵੀਰ ਦੀ ਡਲਿਵਰੀ ਵੀ ਨਹੀਂ ਉਠਾਣਗੇ। ਅਤੇ ਇਹ ਚੱਕਰ ਪੂਰੇ ਹਿੰਦੁਸਤਾਨ ਵਿਚ ਚਲੇਗਾ। ਪਰੋਡਿਊਸਰ ਨੂੰ ਪਤਾ ਲੱਗੂ ਕਿ ਉਸ ਨੇ ਜੋ ਤਿੰਨ ਲੱਖ ਦਾ ਕਰਜ਼ ਸਮਝਿਆ ਸੀ, ਬਾਰਾਂ ਲੱਖ ਦਾ ਹੋ ਗਿਆ ਹੈ। ਪਰ ਉਸ ਦੇ ਕੋਲ ਇਲਾਜ ਹੈ। ਉਹ ਸਿਲਾਈ ਮਸ਼ੀਨ ਟ੍ਰਾਂਜਿਸਟਰ, ਕੁਰਸੀ ਮੇਜ਼, ਪੁਰਾਣੀ ਗੱਡੀ ਸਭ ਬੀਵੀ ਦੇ ਨਾਂ ਕਰਕੇ ਖ਼ੁਦ ਦਿਵਾਲੇ ਦੀ ਅਰਜ਼ੀ ਦੇ ਦਿੰਦਾ ਹੈ। ਇਸ ਤੋਂ ਆਪਣੇ ਅੰਜਾਮ ਤੋਂ ਘਬਰਾਏ ਹੋਏ ਸਾਰੇ ਖ਼ੁਸ਼ ਹੋ ਜਾਣਗੇ।

ਪਰੋਡਿਊਸਰ ਨੂੰ ਰਲੀਜ਼ ਤੇ ਦੱਸ ਦਿੱਤਾ ਜਾਂਦਾ ਹੈ। ਉਸਨੂੰ ਹੋਟਲ ਵਿਚ ਠਹਿਰਾ ਸ਼ਰਾਬ ਵਗੈਰਾ ਨਾਲ ਉਸਦੀ ਖ਼ੂਬ ਖਾਤਰ ਹੁੰਦੀ ਹੈ। ਉਸ ਸਮੇਂ ਡਿਸਟਰੀਬਿਊਟਰ ਪਰੋਡਿਊਸਰ ਨੂੰ ਯਕੀਨ ਦਿਵਾ ਦਿੰਦੇ ਹਨ ਕਿ ਉਹ ਰਾਜਾ ਹੀ ਨਹੀਂ, ਮਹਾਰਾਜਾ ਹੈ। ਪਰੋ-ਡਿਊਸਰ ਵੀ ਸਮਝ ਜਾਂਦਾ ਹੈ ਕਿ ਇਹ ਉਸ ਦਾ ਮਾਲ ਹੈ, ਜੋ ਉਹਨੂੰ ਖਿਵਾਇਆ ਜਾ ਰਿਹਾ ਹੈ। ਹਿਸਾਬ ਹੋਵਗਾ ਤਾਂ ਪਬਲਿਸਿਟੀ ਦੇ ਖ਼ਰਚ ਵਿਚ ਇੱਕ ਦੇ ਡੇਢ ਲਾਏ ਜਾਣਗੇ ਅਤੇ ਪਰੋਡਿਊਸਰ ਨੂੰ ਆਪਣੀ ਹੀ ਮੌਤ ਦੇ ਪਰਵਾਨੇ ਤੇ ਦਸਖ਼ਤ ਕਰਨੇ ਪੈਣਗੇ।

## ਝੁਕ ਕੇ ਮਿਲੇ ਤਾਂ ਪਾਟੀਆ ਗੁਲ

ਚਾਲੂ ਡਿਸਟਰੀਬਿਊਟਰ ਰਲੀਜ਼ ਦੇ ਚੌਥੇ ਦਿਨ ਹੀ ਜਾਣ ਜਾਂਦਾ ਹੈ ਕਿ ਫ਼ਿਲਮ ਵਿਚ ਦਮ ਹੈ ਜਾਂ ਨਹੀਂ ਅਤੇ ਉਸੇ ਹਿਸਾਬ ਨਾਲ ਉਹ ਪਰੋਡਿਊਸਰ ਨਾਲ ਮਿਲਦਾ ਹੈ। ਜੇ ਉਹ ਹੋਟਲ ਵਿਚ ਆਪਦਾ ਬਿਲ ਚੁਕਾਣ ਜਾਂ ਵਾਪਸੀ ਦਾ ਟਿਕਟ ਵੀ ਦਿਵਾਉਣ ਨਾ ਆਵੇ ਅਤੇ ਫੜੇ ਜਾਣ ਤੇ ਬੀਮਾਰੀ ਜਾਂ ਐਕਸੀਡੈਂਟ ਦਾ ਬਹਾਨਾ ਕਰੇ ਤਾਂ ਮਤਲਬ ਫ਼ਿਲਮ ਨਹੀਂ ਚੱਲੀ, ਅਤੇ ਜੇ ਪੰਜਵੇਂ ਦਿਨ 'ਕਿੰਗ ਆਫ਼ ਕਿੰਗ' ਦੀ ਬੋਤਲ ਲਿਆਵੇ, ਨਾਲ ਤੁਹਾਨੂੰ ਮੁਜਰੇ ਤੇ ਵੀ ਲੈ ਜਾਵੇ, ਤਾਂ ਸਮਝੋ ਚੱਲ ਗਈ ਹੈ। ਉਹਦੀ ਕੀ ਗੱਲ ਹੈ, ਖ਼ੁਦ ਪਰੋਡਿਊਸਰ ਵੀ ਇਹੋ ਕਰਦਾ ਹੈ। ਜੇ ਉਹ ਆਪ ਦੇ ਸਲਾਮ ਦਾ ਜਵਾਬ ਨਾ ਦੇਵੇ ਤਾਂ ਪਿਕਚਰ ਕਾਮਯਾਬ ਅਤੇ ਜੇ ਝੁਕ ਕੇ ਮਿਲੇ ਤਾਂ ਪਾਟੀਆ ਗੁਲ।

ਫ਼ਿਲਮ ਦੀ ਕਾਮਯਾਬੀ ਦਾ ਪਰੋਡਿਊਸਰ ਨੂੰ ਉਸ ਵਕਤ ਪਤਾ ਲਗਦਾ ਹੈ, ਜਦੋਂ ਬੇਅੰਤ ਮੁੰਡੇ ਕੁੜੀਆਂ ਕੰਮ ਮੰਗਣ ਦੇ ਸਿਲਸਿਲੇ ਵਿਚ ਤੁਹਾਡੇ ਦਫ਼ਤਰ ਦੇ ਗਲੀਚੇ ਨੂੰ ਟਾਟ ਕਰ ਦਿੰਦੇ ਹਨ। ਇਹ ਆਖ਼ਰੀ ਕਿਸਮ ਦੇ ਨਿਖੱਟੂ ਹਨ, ਜਿਨ੍ਹਾਂ ਨੂੰ ਪਰੋਡਿਊਸਰ ਲਵੇ ਤਾਂ ਸਭ ਕੁੱਝ ਆਪਣੇ ਪੱਲੇ ਤੋਂ ਦੇ ਅਤੇ ਜੇ ਕਿਤੇ ਆਪਣੇ ਹੁਨਰ ਅਤੇ ਸੰਜੋਗ ਨਾਲ ਕਾਮਯਾਬ ਹੋ ਜਾਣ ਤਾਂ ਉਨ੍ਹਾਂ ਦੀ ਕੀਮਤ ਸਿਰਫ਼ ਸੌ ਰੁਪਿਆ ਮਹੀਨੇ ਤੋਂ ਪੰਜ ਸੌ ਮਹੀਨੇ ਅਤੇ ਨਾਲ

( ਬਾਕੀ ਸਫ਼ਾ 12 ਤੇ ਦੇਖੋ )

MELTON
REAL ESTATE (B.C.) LTD.
FORMERLY A.E. AUSTIN & CO. LTD.



HARPAL TOOR

1435 KINGSWAY
VANCOUVER 12, B. C.
OFF. 879-7571
RES. 524-9848

*B. C.'s First Computerized Real Estate Service*

ਕੀ ਤੁਸੀਂ ਕਿਸੇ ਪ੍ਰਕਾਰ ਦੀ ਜਾਇਦਾਦ ਖ਼ਰੀਦਣ ਜਾਂ ਵੇਚਣ ਦਾ ਵਿਚਾਰ ਰਖਦੇ ਹੋ?
ਮੈਲਟਨ ਰੀਅਲ-ਇਸਟੇਟ (ਬੀ.ਸੀ.) ਲਿਮਿਟਡ ਵੱਲੋਂ
ਹਰਪਾਲ ਤੂਰ
ਦੀ ਮੁਸਕਰਾਹਟ ਤੁਹਾਡਾ ਇੰਤਜ਼ਾਰ ਕਰ ਰਹੀ ਹੈ!

ਵਤਨ ਤੋਂ ਦੂਰ, ਸਾਡੀ ਮਾਂ ਬੋਲੀ ਪੰਜਾਬੀ ਵਿੱਚ ਛਪਣ ਵਾਲੇ ਨਿਰੋਲ
ਸਾਹਿੱਤਕ ਤੇ ਸੱਭਿਆਚਾਰਕ ਮਾਸਕ-ਪੱਤਰ

# ਵਤਨੋਂ ਦੂਰ

ਦੀ ਸਹਾਇਤਾ ਕਰਨਾ ਤੁਹਾਡਾ ਇਖ਼ਲਾਕੀ ਫ਼ਰਜ਼ ਹੈ। ਸਾਹਿੱਤ, ਕਲਾ, ਫ਼ਿਲਮਾਂ, ਹਾਸ-ਰਸ ਅਤੇ ਜੀਵਨ ਪ੍ਰਤੀ ਉਸਾਰੂ ਅਤੇ ਸਿਹਤਮੰਦ ਦ੍ਰਿਸ਼ਟੀਕੋਣ ਪੇਸ਼ ਕਰਦੀਆਂ ਵੰਨ ਸੁਵੰਨੀਆਂ ਕਵਿਤਾਵਾਂ, ਰੌਚਕ ਕਹਾਣੀਆਂ, ਦਿਲਚਸਪ ਲੇਖ ਅਤੇ ਹਰ ਅੰਕ ਵਿੱਚ ਪੰਜਾਬੀ ਦੇ ਕਿਸੇ ਪ੍ਰਸਿੱਧ ਨਾਵਲ ਦਾ ਇੱਕ ਖ਼ੂਬਸੂਰਤ ਕਾਂਡ ਪੜ੍ਹਨ ਲਈ ਅੱਜ ਹੀ ਚੰਦਾ ਅਤੇ ਆਪਣੇ ਕੀਮਤੀ ਸੁਝਾਅ ਸਾਨੂੰ ਭੇਜੋ:-

ਤਾਰਾ ਸਿੰਘ ਹੇਅਰ
{ਐਮ.ਏ. (ਪੰਜਾਬੀ ਅਤੇ ਇਕਨਾਮਿਕਸ); ਬੀ.ਐੱਡ}
ਪ੍ਰਕਾਸ਼ਕ 'ਵਤਨੋਂ ਦੂਰ'
6626-124A STREET, SURREY
B.C., CANADA

ਸੁਰਿੰਦਰਪਾਲ ਸਿੰਘ ਪੰਜਲ
{ਬੀ.ਐਸ.ਸੀ. (ਇਲੈਕਟ੍ਰੀਕਲ ਇੰਜਰ:) ਗਿਆਨੀ (ਪੰਜਾਬ ਯੂਨੀ: ਮੈਡਲਿਸਟ)}
ਚੀਫ਼ ਐਡੀਟਰ 'ਵਤਨੋਂ ਦੂਰ'
P.O. BOX 1041, COQUITLAM
B.C., CANADA.

# ਸੰਗਰਾਮ-ਝਲਕੀਆਂ

[15 ਅਗੱਸਤ 1947 ਨੂੰ ਭਾਰਤ ਦੇ ਆਜ਼ਾਦੀ-ਸੰਗਰਾਮ ਦਾ ਇੱਕ ਪੜਾਅ ਪੂਰਾ ਹੋ ਗਿਆ। ਗਦਰ ਪਾਰਟੀ (1914-15) ਅਤੇ ਬੱਬਰ ਅਕਾਲੀ ਲਹਿਰ (1921-25) ਇਸ ਇਤਿਹਾਸ ਦੀਆਂ ਦੋ ਅਭੁੱਲ-ਯਾਦਾਂ ਹਨ। ਇਨ੍ਹਾਂ ਦੋਹਾਂ ਲਹਿਰਾਂ ਵਿੱਚੋਂ ਇੱਕ-ਇੱਕ ਝਲਕੀ ਪੇਸ਼ ਕੀਤੀ ਜਾ ਰਹੀ ਹੈ। - ਮੁੱਖ ਸੰਪਾਦਕ]

## 1. ਵਿਸ਼ਨੂੰ ਗਨੇਸ਼ ਪਿੰਗਲੇ

(ਪਿਆਰਾ ਸਿੰਘ ਦਾਤਾ)

ਪੂਨੇ ਦੇ ਸ੍ਰੀ ਗਨੇਸ਼ ਪਿੰਗਲੇ ਦੇ ਘਰ ਵਿਸ਼ਨੂ ਗਨੇਸ਼ ਪਿੰਗਲੇ ਦਾ ਜਨਮ ਹੋਇਆ। ਮੁਢਲੀ ਵਿਦਿਆ ਪਿਛੋਂ ਉਹ ਐਂਜੀਨੀਅਰਿੰਗ ਪੜ੍ਹਣ ਲਈ ਅਮਰੀਕਾ ਚਲਾ ਗਿਆ। ਅਮਰੀਕਾ ਵਿਚ ਬਾਕੀ ਹਿੰਦੀਆਂ ਵਾਂਗ ਐਂਜੀਨੀਅਰੀ ਦੀ ਥਾਂ ਗ਼ਦਰ ਵਿਦਿਆ ਵਿਚ ਪ੍ਰਬੀਨ ਹੋ, ਉਹ ਵਤਨ ਨੂੰ ਮੁੜਿਆ, ਪਰ ਆਪਣੇ ਘਰ ਜਾਣ ਦੀ ਥਾਂ ਉਹ ਬੰਗਾਲ ਜਾ ਪੁਜਾ। ਬੰਗਾਲੀਆਂ ਦੇ ਦਿਲ ਵਿਚ ਵੀ ਪੰਜਾਬੀਆਂ ਵਾਂਗ ਅੱਗ ਸੁਲਗ ਰਹੀ ਸੀ, ਸੋ ਦੋਹਾਂ ਸੂਬਿਆਂ ਨੂੰ ਗਨੇਸ਼ ਨੇ ਇਕ ਲੜੀ ਵਿਚ ਪਰੋ ਦਿਤਾ। 'ਰਾਸ ਬਿਹਾਰੀ ਦਲ' ਵਿਚ ਸ਼ਾਮਲ ਹੋ ਕੇ ਪਿੰਗਲੇ ਕਾਂਸ਼ੀ ਤੋਂ ਹੋ ਕੇ ਪੰਜਾਬ ਆਇਆ। ਕੁਝ ਅਰਸਾ ਪੰਜਾਬ ਨੂੰ ਤਿਆਰ ਕਰਨ ਤੇ ਲਗਾ ਕੇ, ਉਹ ਰਾਸ ਬਿਹਾਰੀ ਨਾਲ ਪੰਜਾਬ ਦੇ ਦੌਰੇ ਲਈ ਕਾਸ਼ੀ ਗਿਆ। ਰਾਸ ਬਿਹਾਰੀ ਨੇ ਸਾਰੇ ਹਾਲਾਤ ਚੰਗੀ ਤਰ੍ਹਾਂ ਵੇਖਣ ਲਈ ਸਤਿੰਦਰ ਨਾਥ ਸਾਨਯਾਲ ਨੂੰ ਪੰਜਾਬ ਘਲਿਆ। ਪੰਜਾਬ ਵਿਚ ਪਿੰਗਲੇ ਤੇ ਕਰਤਾਰ ਸਿੰਘ ਸਰਾਭਾ ਨਾਲ ਮਿਲ ਕੇ ਉਨ੍ਹਾਂ ਨੇ ਬੜਾ ਕੰਮ ਕੀਤਾ, ਤੇ ਪੰਜਾਬ ਦੀ ਮੁਕੰਮਲ ਤਿਆਰੀ ਦੀ ਇਤਲਾਹ ਰਾਸ ਬਿਹਾਰੀ ਨੂੰ ਦੇ ਦਿਤੀ ਗਈ। ਰਾਸ ਬਿਹਾਰੀ ਪੰਜਾਬ ਆਇਆ, ਉਸਨੇ ਕਰਤਾਰ ਸਿੰਘ ਸਰਾਭਾ ਤੇ ਪਿੰਗਲੇ ਦੇ ਕੰਮ ਦੀ ਸ਼ਲਾਘਾ ਕੀਤੀ, ਤੇ ੨੧ ਫ਼ਰਵਰੀ ਦਾ ਦਿਨ ਇਕ ਦਮ ਬਗ਼ਾਵਤ ਕਰਨ ਕਰਨ ਲਈ ਮਿਥਿਆ ਗਿਆ।

ਜਿਵੇਂ ਕਿ ਅਸੀਂ ਪਿਛੇ ਦਸ ਆਏ ਹਾਂ, ਕਿ ੨੧ ਫ਼ਰਵਰੀ ਦਾ ਦਿਨ ਨਾਕਾਮ ਰਿਹਾ, ਤੇ ਹਜ਼ਾਰਾਂ ਬੀਰ ਫੜੇ ਗਏ। ਥਾਂ ਥਾਂ ਤੇ ਛਾਪੇ ਪਏ, ਦੋਸ਼ੇ ਬੇਦੋਸ਼ੇ ਸਭ ਇਕੋ ਰਸੀ ਨਾਲ ਬੰਨ੍ਹ ਦਿਤੇ ਗਏ, ਤੇ ਮੁਲਕ ਵਿਚ ਬੜੀ ਘਬਰਾਹਟ ਫੈਲ ਗਈ।

ਰਾਸ ਬਿਹਾਰੀ ਬੋਸ ਤੇ ਪਿੰਗਲੇ ਪੰਜਾਬੋਂ ਨਿਕਲ ਤੁਰੇ। ਰਾਹ ਵਿਚ ਪਿੰਗਲੇ ਮੇਰਠ ਛਾਉਣੀ ਉਤਰ ਗਿਆ। ਛਾਉਣੀ ਵਿਚ ਇਕ ਮੁਸਲਮਾਨ ਹਵਾਲਦਾਰ ਉਸ ਦਾ ਵਾਕਫ਼ ਸੀ, ਉਸ ਨੇ ਯਕੀਨ ਦਵਾਇਆ ਕਿ ਮੁਲਕ ਦੀ ਖ਼ਾਤਰ ਜੋ ਉਸ ਪਾਸੋਂ ਸੇਵਾ ਚਾਹੋ, ਲੈ ਸਕਦੇ ਹੋ। ਪਿੰਗਲੇ ਉਸਨੂੰ ਲੈ ਕੇ ਰਾਸ ਬਿਹਾਰੀ ਪਾਸ ਬਨਾਰਸ ਪੁਜਾ, ਤੇ ਹਵਾਲਦਾਰ ਦੀ ਖਾਹਿਸ਼ ਦਸੀ। ਰਾਸ ਬਿਹਾਰੀ ਬੋਸ ਇਸਤਰ੍ਹਾਂ ਦੇ ਛੋਟੇ ਮੋਟੇ ਪੁਲਸੀਆਂ ਪੁਰ ਇਤਬਾਰ ਕਰਨ ਵਾਲਾ ਨਹੀਂ ਸੀ, ਪਰ ਉਸ ਦੇ ਬਹੁਤਾ ਜ਼ੋਰ ਦੇਣ ਪੁਰ ਰਾਸ ਬਿਹਾਰੀ ਨੇ ਪਿੰਗਲੇ ਨੂੰ ਉਸ ਨਾਲ ਕੰਮ ਕਰਨ ਦੀ ਆਗਿਆ ਦੇ ਦਿਤੀ। ਪਿੰਗਲੇ ੧੦ ਬੰਬ ਲੈ ਕੇ ਹਵਾਲਦਾਰ ਨਾਲ ਮੁਹਿੰਮ ਪੁਰ ਰਵਾਨਾ ਹੋ ਗਿਆ।

ਰਾਸ ਬਿਹਾਰੀ ਦਾ ਵਿਚਾਰ ਠੀਕ ਨਿਕਲਿਆ। ਹਵਾਲਦਾਰ ਨੇ ਗ਼ਦਾਰ ਕ੍ਰਿਪਾਲ ਸਿੰਘ ਵਾਲਾ ਪਾਰਟ ਅਦਾ ਕੀਤਾ, ਤੇ ਮੇਰਠ ਛਾਉਣੀ ਵਿਚ ਪਿੰਗਲੇ ਨੂੰ ਬੰਬਾਂ ਸਣੇ ਫੜਾ ਦਿਤਾ। ਰਾਸ ਬਿਹਾਰੀ ਨੂੰ ਜਦ ਇਨਕਲਾਬ ਦੇ ਇਡੇ ਵਡੇ ਮੋਢੀ ਦੀ ਗ੍ਰਿਫਤਾਰੀ ਦੀ ਖ਼ਬਰ ਮਿਲੀ, ਤਾਂ ਉਹ ਕੁਰਲਾ ਉਠਿਆ। ਰਾਸ ਬਿਹਾਰੀ ਆਪਣੀ ਡਾਇਰੀ ਵਿਚ ਲਿਖਦਾ ਹੈ:

"ਜੇ ਮੈਨੂੰ ਪਤਾ ਹੁੰਦਾ, ਕਿ ਪਿੰਗਲੇ ਨਾਲ ਇਹ ਆਖਰੀ ਮੁਲਾਕਾਤ ਹੈ ਤਾਂ ਮੈਂ ਉਸ ਨੂੰ ਕਦੀ ਜਾਣ ਨਾ ਦੇਂਦਾ। ਉਸ ਸੋਹਣੇ ਗਭਰੂ ਵਿਚ ਭਰੋਸਾ ਕੁਟ ਕੁਟ ਕੇ ਭਰਿਆ ਹੋਇਆ ਸੀ। ਉਹ ਅੱਤ ਦਾ ਸਿਆਣਾ, ਰਜਕੇ ਮਿਹਨਤੀ, ਤੇ ਕੰਮ ਲਈ ਇਕ ਫ਼ੌਜੀ ਵਾਂਗ ਹਰਦਮ ਤਿਆਰ ਰਹਿੰਦਾ ਸੀ। ਉਹਦੀ ਸੁੰਦਰ ਤਸਵੀਰ ਕੋਸ਼ਿਸ਼ ਕਰਨ ਦੇ ਬਾਵਜੂਦ ਮੇਰੀਆਂ ਅੱਖਾਂ ਅੱਗੋਂ ਨਹੀਂ ਹਟਦੀ।"

ਬਾਕੀ ਵਤਨ ਦੇ ਸ਼ੈਦਾਈਆਂ ਨਾਲ ਉਸ ਤੇ ਵੀ ਮੁਕਦਮਾ ਚਲਿਆ, ਤੇ ਪਹਿਲਾਂ ਗਿਣੇ ਮਿਥੇ ਫੈਸਲੇ ਮੁਤਾਬਕ ਉਸ ਵੀ ਫ਼ਾਂਸੀ ਦੀ ਸਜ਼ਾ ਮਿਲੀ।

੧੬ ਨਵੰਬਰ ੧੯੧੫ ਨੂੰ ਫ਼ਾਂਸੀ ਲਗਣ ਸਮੇਂ ਪਿੰਗਲੇ ਪਾਸੋਂ ਆਪਣੀ ਆਖਰੀ ਇੱਛਾ ਪੁਛੀ ਗਈ, ਤਾਂ ਉਸ ਦੋ ਮਿੰਟ ਲਈ ਪ੍ਰਭੂ ਅਗੇ ਅਰਦਾਸ ਕਰਨ ਲਈ ਮੰਗੇ। ਹਥਕੜੀ ਉਤਾਰ ਦਿਤੀ ਗਈ, ਤਾਂ ਹਥ ਨਾਲ ਅਖਾਂ ਬੰਦ ਕਰ ਕੇ ਅੰਤਰ ਧਿਆਨ ਹੋ, ਉਸ ਬਹਾਦਰ ਇਨਕਲਾਬੀ ਨੇ ਅਰਦਾਸ ਕੀਤੀ: "ਹੇ ਭਗਵਾਨ! ਜਿਸ ਮੰਤਵ ਲਈ ਅਸੀਂ ਪ੍ਰਾਣ ਦੇ ਰਹੇ ਹਾਂ, ਉਸ ਮੁਹਿੰਮ ਨੂੰ ਜਾਰੀ ਰਖਣ ਵਿਚ ਸਹਾਈ ਹੋਣਾ। ਸਾਡੀ ਆਖ਼ਰੀ ਖ਼ਾਹਿਸ਼ ਇਹ ਹੈ ਕਿ ਸਾਡਾ ਦੇਸ਼ ਆਜ਼ਾਦ ਹੋਵੇ।"

ਇਸ ਪਿਛੋਂ "ਭਾਰਤ ਆਜ਼ਾਦ" ਦਾ ਨਾਹਰਾ ਲਾ ਕੇ ਹਸਦਾ ਹਸਦਾ ਪਿੰਗਲੇ ਫ਼ਾਂਸੀ ਤੇ ਚੜ੍ਹ ਗਿਆ।

## 2. ਨਵੀਨ ਕਵਿਤਾ

1969-70 ਵਿੱਚ ਪੰਜਾਬੀ ਦੀ ਕਵਿਤਾ ਵਿੱਚ ਇੱਕ ਨਵਾਂ ਮੋੜ ਆਇਆ ਹੈ। ਸੰਗਰਾਮ ਦੇ ਰਾਹਾਂ ਤੇ ਤੁਰਦੀ ਇਹ ਕਵਿਤਾ "ਆਜ਼ਾਦ ਭਾਰਤ" ਸਾਹਮਣੇ ਕਈ ਨਵੇਂ ਪ੍ਰਸ਼ਨ ਪੇਸ਼ ਕਰਦੀ ਹੈ। ਇਸ ਕਵਿਤਾ ਦੀਆਂ ਕੁਝ ਵੰਨਗੀਆਂ ਹਾਜ਼ਰ ਹਨ।

### 1. ਗ਼ਜ਼ਲ

(ਲਾਲ ਸਿੰਘ ਦਿਲ)

ਪਿਘਲਦੀ ਚਾਂਦੀ ਬਹ ਪਾਣੀ ਨਹੀਂ,
ਇਹ ਫੁਆਰੇ ਪਿਆਸ ਦੇ ਹਾਣੀ ਨਹੀਂ।

ਤੁਰ ਗਿਆ ਕੋਈ ਦਿਲ 'ਚ ਲੈ ਕੇ ਸਾਦਗੀ,
ਤੇਰੀਆਂ ਨਜ਼ਰਾਂ ਨੇ ਪਹਿਚਾਣੀ ਨਹੀਂ।

ਰੱਜ ਕੇ ਤਾਂ ਭਟਕਿਆ ਵੀ ਨਾ ਗਿਆ,
ਹਾਰ ਵੀ ਤਾਂ ਇਸ਼ਕ ਦੀ ਮਾਣੀ ਨਹੀਂ।

ਤੂੰ ਮਿਲੇਂ ਤਾਂ ਗਲ ਇਹ ਛੋਟੀ ਨਹੀਂ,
ਪਰ ਮਿਰੇ ਦਿਲ 'ਚੋਂ ਗ਼ਮੀ ਜਾਣੀ ਨਹੀਂ।

ਸਿਰ ਬਿਨਾਂ ਤੁਰਦੇ ਰਹੇ ਸੰਗ੍ਰਾਮੀਏ,
ਕੀ ਐ ਦਿਲ! ਜੇ ਹਮਸਫ਼ਰ ਹਾਣੀ ਨਹੀਂ,

## 2. ਅਸੀਂ ਲੜਾਂਗੇ ਸਾਥੀ
### (ਪਾਸ਼)

ਅਸੀਂ ਲੜਾਂਗੇ ਸਾਥੀ, ਉਦਾਸ ਮੌਸਮ ਲਈ
ਯੁੱਧ ਕਰਾਂਗੇ ਸਾਥੀ, ਗੁਲਾਮ ਸੱਧਰਾਂ ਲਈ
ਅਸੀਂ ਚੁਣਾਂਗੇ ਸਾਥੀ, ਜ਼ਿੰਦਗੀ ਦੇ ਟੁਕੜੇ ।

ਹਥੌੜਾ ਹੁਣ ਵੀ ਚਲਦਾ ਹੈ, ਉਦਾਸ ਅਹਿਰਨ ਤੇ
ਸਿਆੜ ਹੁਣ ਵੀ ਵਗਦੇ ਨੇ, ਚੀਕਦੀ ਧਰਤੀ ਤੇ
ਇਹ ਕੰਮ ਸਾਡਾ ਨਹੀਂ ਬਣਦਾ, ਸਵਾਲ ਨਚਦਾ ਹੈ
ਸਵਾਲ ਦੇ ਮੋਰਾਂ ਤੇ ਚੜ੍ਹ ਕੇ, ਅਸੀਂ ਲੜਾਂਗੇ ਸਾਥੀ
ਅਸੀਂ ਲੜਾਂਗੇ ਸਾਥੀ ... ...

ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ
ਬੁਝੀਆਂ ਹੋਟੀਆ ਨਜ਼ਰਾਂ ਦੀ ਕਸਮ ਖਾ ਕੇ
ਹੱਥਾਂ ਤੇ ਪਏ ਰੱਟਣਾਂ ਦੀ ਕਸਮ ਖਾ ਕੇ
ਅਸੀਂ ਲੜਾਂਗੇ ਸਾਥੀ
ਅਸੀਂ ਲੜਾਂਗੇ ਸਾਥੀ ... ...

ਅਸੀਂ ਲੜਾਂਗੇ ਤਦ ਤਕ
ਕਿ ਵੀਰੂ ਬੱਕਰੀਆਂ ਵਾਲਾ, ਜਦੋਂ ਤਕ ਬੱਕਰੀਆਂ ਦਾ ਮੂਤ ਪੀਂਦਾ ਹੈ...
ਖਿੜੇ ਹੋਏ ਸਰੋਂ ਦੇ ਫੁੱਲਾਂ ਨੂੰ, ਜਦ ਤਕ ਵਾਹੁਣ ਵਾਲੇ
ਆਪ ਨਹੀਂ ਸੁੰਘਦੇ...

ਕਿ ਸੁੱਜੀਆਂ ਅੱਖੀਆਂ ਵਾਲੀ, ਪਿੰਡ ਦੀ ਅਧਿਆਪਕਾ ਦਾ ਪਤੀ
ਜਦ ਤਕ ਜੰਗ ਵਿਚੋਂ ਪਰਤ ਨਹੀਂ ਆਉਂਦਾ......
ਜਦੋਂ ਤਕ ਪੁਲਸ ਦੇ ਸਿਪਾਹੀ, ਆਪਣੇ ਹੀ ਭਰਾਵਾਂ ਦਾ
ਗਲਾ ਘੁੱਟਣ ਤੇ ਬਾਧਕ ਹਨ—
ਕਿ ਬਾਬੂ ਦਫਤਰਾਂ ਵਾਲੇ, ਜਦੋਂ ਤਕ ਲਹੂ ਦੇ ਨਾਲ ਹਰਫ਼ ਪਾਉਂਦੇ ਹਨ—
ਅਸੀਂ ਲੜਾਂਗੇ
ਜਦ ਤਕ ਕਿ ਦੁਨੀਆਂ ਵਿੱਚ
ਲੜਨ ਦੀ ਲੋੜ ਬਾਕੀ ਹੈ ।
ਅਸੀਂ ਲੜਾਂਗੇ ਸਾਥੀ
ਅਸੀਂ ਲੜਾਂਗੇ ਸਾਥੀ... ...

ਜਦੋਂ ਬੰਦੂਕ ਨਾ ਹੋਈ, ਉਦੋਂ ਤਲਵਾਰ ਹੋਵੇਗੀ
ਜਦੋਂ ਤਲਵਾਰ ਨਾ ਹੋਈ, ਲੜਨ ਦੀ ਲਗਨ ਹੋਵੇਗੀ
ਲੜਨ ਦੀ ਜਾਚ ਨਾ ਹੋਈ, ਲੜਨ ਦੀ ਲੋੜ ਹੋਵੇਗੀ
ਤੇ ਅਸੀਂ ਲੜਾਂਗੇ ਸਾਥੀ ... ...

ਅਸੀਂ ਲੜਾਂਗੇ ਕਿ ਲੜਨ ਬਾਝੋਂ ਕੁੱਝ ਵੀ ਨਹੀਂ ਮਿਲਦਾ
ਅਸੀਂ ਲੜਾਂਗੇ ਕਿ ਹਾਲੇ ਤਕ ਲੜੇ ਕਿਉਂ ਨਹੀਂ
ਅਸੀਂ ਲੜਾਂਗੇ ਆਪਣੀ ਸਜ਼ਾ ਕਬੂਲਣ ਲਈ
ਲੜ ਕੇ ਮਰ ਚੁੱਕਿਆਂ ਦੀ ਯਾਦ ਜ਼ਿੰਦਾਂ ਰਖਣ ਲਈ
ਅਸੀ ਲੜਾਂਗੇ ਸਾਥੀ
ਅਸੀਂ ਲੜਾਂਗੇ ਸਾਥੀ ... ...

## 3. ਮਜ਼ਦੂਰ ਕੁੜੀ ਦੀ ਪਹਿਲੀ ਰਾਤ
### (ਸੰਤ ਰਾਮ ਉਦਾਸੀ)

ਉਮਰਾਂ ਦੇ ਪਿਛਵਾੜੇ ਅੰਦਰ, ਧੁਪ ਸਾਡੀ ਹੈ ਮੋਈ,
ਰੂਪ ਦੀਆਂ ਨੇ ਵੈਰੀ ਹੋਈਆਂ, ਆਦਮ ਖੋਰ ਬਲਾਈਆਂ ।
ਇਕ ਸੜਕਾਂ ਤੇ ਲੁੱਕ ਪੰਘਰਦੀ, ਦੂਜੇ ਜਿੰਦ ਅਸਾਡੀ,
ਤੀਜੇ ਡਾਲਰ ਦੀਆਂ ਨਿਗਾਹਾਂ, ਹਨ ਲਾਟਾਂ ਬਰਸਾਈਆਂ ।
ਮੇਰਾ ਚੁਟਕੀ ਚੁਟਕੀ ਵਿਕਿਆ, ਮਾਸ ਕਿਰਤ ਦੀ ਮੰਡੀ,
ਹੁਣ ਬਾਲਣ 'ਚੋਂ ਕੀ ਟੋਲੇਂਗਾ, ਮੇਰੀ ਅੱਗ ਦਿਆ ਸਾਈਆਂ ।
ਜਿਸ ਧਰਤੀ ਤੇ ਬਾਪ ਮੇਰੇ ਨੇ, ਰਾਠਾਂ ਨੂੰ ਹਥ ਜੋੜੇ ।
ਉਸ ਧਰਤੀ 'ਚੋਂ ਵੀਰ ਉਗਾਈਆਂ, ਲਖ ਮੂੰਹ-ਜ਼ੋਰ ਕਲਾਈਆਂ ।
ਉੱਗੀਆਂ ਬਾਹਾਂ ਦੀ ਬੋਲੀ ਜਦ, ਸੀਸ ਮਹਿਲ ਤੇ ਕੜਕੀ ।
ਮਹਿਲਾਂ ਵਿਚਲੇ ਵੈਣ ਅਸਾਨੂੰ, ਤਾਰਨ ਲਗੇ ਦਾਈਆਂ ।
ਜਦ ਬੇਲੇ 'ਚ ਚੋਰੀ ਹੋਈ, ਚੂਰੀ ਅਸੀਂ ਛੁਡਾਲੀ,
ਫੇਰ ਗਾਂਝਿਆਂ ਮਹਿਬੂਬਾਂ ਤੋਂ, ਹੱਸ ਹੱਸ ਲਈਂ ਚੁਰਾਈਆਂ ।
ਜਿਸ ਰੋੜੀ ਨੇ ਸੜਕ ਕਿਨਾਰੇ, ਵੰਗ ਮੇਰੀ ਹੈ ਤੋੜੀ,
ਉਸ ਰੋੜੀ 'ਚੋਂ ਅਜ ਹਥੌੜੇ, ਕਢਣੀਆਂ ਮਨ ਆਈਆਂ ।
ਫੇਰ ਨਾ ਕੋਈ ਪੁਤ ਲੰਬੜਾਂ ਦਾ, ਰੂਪ ਕਿਰਤ ਦਾ ਚੂਸੇ,
ਬੱਲੀਆਂ ਚੁਗਣ ਵਾਲੀਆਂ ਬੱਲੀਆ ਬਿਫਰ ਬਰਾਨੇ ਆਈਆਂ ।

## 4. ਮੋਗਾ ਗੋਲੀ ਕਾਂਡ ਦੇ ਨਾਂ
### (ਧਰਮ ਪਾਲ ਉਪਾਸ਼ਕ)

ਰੋ ਰੋ ਕੇ ਹਾਲ ਸੁਨਾਵਣ ਸੜਕਾਂ ਸ਼ਹਿਰ ਦੀਆਂ ।
ਕਿੰਨਾ ਕਹਿਰ ਕਮਾਇਆ ਅਣਸਾਂ ਡਾਇਰ ਦੀਆਂ ।
ਜਨਤਾ ਦੀ ਦੁਰਦਸ਼ਾ ਤਾਂ ਕਲਮੋ ਬਾਹਰੀ ਹੈ,
ਸੁੰਗੜ ਗਈਆਂ ਪੀੜ 'ਚ ਗਲੀਆਂ ਸ਼ਹਿਰ ਦੀਆਂ ।
ਜੋਸ਼ ਫੁੱਲਾਂ ਦਾ ਵੇਖ ਕੇ ਮਾਲੀ ਕੰਬ ਗਿਆ,
ਭਰ ਭਰ ਸੁੱਟੀਆਂ ਮੁਠਾਂ ਉਸ ਨੂੰ ਜ਼ਹਿਰ ਦੀਆਂ ।
ਕੰਧਾਂ ਤੋਂ ਮਾਵਾਂ ਪੁਛਣ ਵਿਥਿਆ ਪੁੱਤਰਾ ਦੀ,
ਤਾਂ ਪਾ ਗਲਵਕੜੀ ਕੰਧਾਂ ਨਾ ਰੋਣੋ ਠਹਿਰਦੀਆਂ ।
ਗੈਰਾਂ ਦਾ ਦਰਦ ਵੰਡਾਵਣ ਵਾਲਿਓ ਰਹਿਬਰੋ,
ਜ਼ੁਲਮ ਦਾ ਸਾਗਰ ਘਰ ਵਿਚ ਜਿੰਦਾ ਤੇਰਦੀਆਂ ।
ਹਿੰਮਤ ਹਥੀਂ ਗੋਲੀਆਂ ਵੀ ਬਣ ਲਗਣ ਮਹਿੰਦੀ,
ਦਿਲਾਂ ਚੋਂ ਉਠੀਆਂ ਕਾਂਗਾਂ ਨੇ ਕ ਹਿਰਦੀਆਂ ।
ਉਠੋ ਗ਼ਲਤ ਵਿਧਾਨ ਦਾ ਵਰਕਾ ਵਰਕਾ ਪਾੜ ਦਿਉ,
ਘਰ ਵਿਚ ਤੁਰ ਕੇ ਆਉਣ ਨਾ ਘੜੀਆਂ ਖੈਰ ਦੀਆਂ ।

## 5. ਗ਼ਜ਼ਲ
### (ਸੁਰੇਸ਼ ਕੁਮਲ)

ਸਭੇ ਦਿਸ਼ਾਵਾਂ ਨੂੰ ਉਡਦੇ ਸ਼ਾਹ ਖ਼ਿਆਲ ਚਲੇ ।
ਮਨਾਓ ਜਸ਼ਨ ਕਿ ਕੁਲ ਲੋਕ ਨਾਲ ਨਾਲ ਚਲੇ ।
ਹਰ ਇਕ ਮੋੜ ਹਰ ਗਲੀ ਵਿਚ ਜਹਾਨ ਅੰਦਰ,
ਜਲਾਓ ਦੀਪ ਕਿ ਹਨੇਰਿਆਂ ਦਾ ਜਾਲ ਚਲੇ ।
ਜਿਨ੍ਹਾਂ ਦੇ ਹੱਥ ਨਚੋੜਨ ਕਲਾਕਾਰਾਂ ਨੂੰ,
ਕਹੋ ਕਿਵੇਂ ਉਨ੍ਹਾਂ ਸੰਗ ਕਿਸੇ ਦੀ ਦਾਲ ਗਲੇ ।
ਤੁਰੀ ਹੈ ਗੱਲ ਸਿਆਸਤ ਦੀ ਸਿਰੇ ਪਹੁੰਚਣ ਨੂੰ,
ਕੋਈ ਖਿਲਾਰ ਕੇ ਸਿੱਕੇ ਪਿਆ ਸੌ ਚਾਲ ਚਲੇ ।
ਕਿਉਂ ਨਾਂ ਮਾਣ ਸਮਾਂਦਾ ਹੋਏ ਬੁਲੰਦੀ ਤੇ,
ਉਹਦੇ ਪਰਵਾਨਿਆਂ ਦੀ ਭੀੜ ਬੇਮਿਸਾਲ ਚਲੇ ।
ਛਿੜੇ ਨੇ ਗੀਤ ਚੁਫੇਰੇ ਇਕ ਨਵੀਂ ਰੁੱਤ ਦੇ,
ਸਿਰਾਂ ਦੇ ਮੁੱਲ ਪੁਆਵਣ ਸੁਰ ਤੇ ਤਾਲ ਚਲੇ ।

# ੬ ਦੁੱਖਾਂ ਦੀ ਜੂਨ
## (ਬੂਟਾ ਰਾਮ)

ਅਸੀਂ ਦੁੱਖਾਂ ਦੀ ਜੂਨ ਹੰਢਾ ਚੱਲੇ।
ਅਸੀਂ ਮਹਿਲ ਕੋਠੀਆਂ ਪਾ ਚੱਲੇ।
ਪਰ ਝੁੱਗੀਆਂ 'ਚ ਉਮਰ ਬਿਤਾ ਚੱਲੇ।

ਰੱਬ ਨੂੰ ਹੀ ਸਭ ਕੁਝ ਮੰਨ ਬੈਠੇ
ਪਤਾ ਨਹੀਂ ਹੈ ਵੀ ਕਿ ਨਹੀਂ
ਸ਼ੱਕ ਵਹਿਮ ਹੀ ਸਾਡੀ ਭਟਕਣ ਸੀ,
ਬੇ-ਸੇਧ ਹੀ ਵਰ੍ਹੇ ਗਵਾ ਚੱਲੇ
ਅਸ਼ੀਂ ਦੁੱਖਾਂ... ... ... ...।

ਖਾ ਖਾ ਕੇ ਪੀੜਾਂ ਨਾ ਮੁੱਕੀਆਂ;
ਪੂੰਝੇ ਨਾ ਹੰਝੂ, ਖ਼ਤਮ ਹੋਏ,
ਕਈ ਬੰਦਿਆਂ ਦੇ ਹਿੱਸੇ ਦੇ,
ਅਸੀਂ ਹੰਝੂ ਪੀੜਾਂ ਖਾ ਚੱਲੇ।
ਅਸੀਂ ਦੁਖਾਂ ... ... ... ...।

ਨੰਗਾਂ ਦੇ ਕਾਹਦੇ ਇਸ਼ਕ ਹੁੰਦੇ;
ਜਿਸਮਾਂ ਦੇ ਸੌਦੇ ਰੋਟੀ ਨੇ
ਦਿਨ ਰਾਤ ਵਿਕੇ ਤਾਂ ਢਿੱਡ ਭਰਦੇ,
ਨਹੀਂ ਕਬਰ ਵਿਛਾਉਣੇ ਜਾ ਮਲੇ
ਅਸੀਂ ਦੁੱਖਾਂ ... ... ... ...।

ਨਾ ਸੁਪਨਾ ਮਾੜਾ ਆਇਆ ਸੀ,
ਨਾ ਸੁਪਨਾ ਕੋਈ ਸੱਚ ਹੋਇਆ,
ਨਾ ਚਮਕ ਟਟਹਿਣੇ ਦਿਹੁੰ ਚੜ੍ਹਿਆ
ਰਾਤਾਂ ਵਿਚ ਧੱਕੇ ਖਾ ਚੱਲੇ
ਅਸੀਂ ਦੁੱਖਾਂ ਦੀ ... ... ...।

ਅਸੀਂ ਜਨਮੇ ਗ਼ੈਰ ਗ਼ੁਲਾਮੀ ਸੀ
ਤੁਸੀਂ ਜਨਮੇ ਏਸ ਆਜ਼ਾਦੀ 'ਚ
ਕੀ ਫਰਕ ਪਾਇਆ ਅਸੀਂ ਡਿੱਠਾ ਨਹੀਂ
ਬੱਸ ਐਵੇਂ ਭੁਲੇਖੇ ਖਾ ਚਲੇ।
ਅਸੀਂ ਦੁੱਖਾਂ ਦੀ ... ... ...।

ਅਸੀਂ ਪੁੱਠੇ ਵਹਿਣੀ ਵਹਿ ਗਏ ਸਾਂ
ਨਾ ਸਾਡੇ ਵਾਂਗੂ ਜਿਉਂ ਮਰਨਾ,
ਨਾ ਸਾਂਭਣੀ ਨਰਕ ਵਸੀਅਤ ਇਹ
ਜਿਹੜੀ ਥੋਨੂੰ ਅਸੀਂ ਫੜਾ ਚੱਲੇ।
ਅਸੀਂ ਦੁਖਾਂ ਦੀ ... .. ...।

ਬਣ ਮੰਗਤੇ ਹੱਕ ਰਹੇ ਮੰਗਦੇ,
ਖੋਹਣ ਦੀ ਜ਼ੁਰਅਤ ਨਾ ਕੀਤੀ,
ਤੁਸੀਂ ਖੋਹ ਲੈਣੇ ਹੱਕ ਤਾਕਤ ਨਾ,
ਅਸੀਂ ਮੰਗ ਮੰਗ ਛਿੱਤਰ ਖਾ ਚੱਲੇ।
ਅਸੀਂ ਦੁੱਖਾਂ ਦੀ ... ... ...।

'ਚਰਖੇ' ਦੇ ਤੰਦੀ ਉਲਝ ਅਸੀਂ,
ਕਿਹਾ ਦੇਸ਼ ਭਗਤ ਗਦਾਰਾਂ ਨੂੰ,
ਕਾਸ਼ ! ਕਿ ਉਹੋ ਵੈਣ ਹੁੰਦੇ,
ਜੋ ਤਿੰਨ ਰੰਗੇ ਥੱਲੇ ਗਾ ਚੱਲੇ !
ਅਸੀਂ ਦੁੱਖਾਂ ਦੀ ਜੂਨ ਹੰਢਾ ਚੱਲੇ !
ਅਸੀਂ ਮਹਿਲ ਕੋਠੀਆਂ ਪਾ ਚੱਲੇ !
ਅਸੀਂ ਝੁੱਗੀਆਂ 'ਚ ਉਮਰ ਬਿਤਾ ਚੱਲੇ !

ਇਨ੍ਹਾਂ ਕਵੀਆਂ ਦੇ ਕਾਵਿ-ਸੰਗ੍ਰਹਿ →

ਸਤਲੁਜ ਦੀ ਹਵਾ (ਲਾਲ ਸਿੰਘ ਦਿਲ)
ਲੋਹ-ਕਥਾ (ਪਾਸ਼)
ਲਹੂ ਭਿੱਜੇ ਬੋਲ (ਸੰਤ ਰਾਮ ਉਦਾਸੀ)
ਗਹਿਰੀ ਅੱਖ (ਬੂਟਾ ਰਾਮ)
ਸੂਰਜਾਂ ਦੇ ਹਮਸਫ਼ਰ (ਸੁਰਿੰਦਰਪਾਲ ਸਿੰਘ ਪੰਜਲ)

# 7. ਸੂਰਜਾਂ ਦੇ ਹਮਸਫ਼ਰ — ਸੁਰਿੰਦਰਪਾਲ ਸਿੰਘ ਪੰਜਲ

ਜਬਰ ਦਾ ਤੂਫ਼ਾਨ ਪਲ ਪਲ ਵਧ ਰਿਹਾ
ਡੁੱਬ ਰਿਹਾ ਰੀਝਾਂ ਦਾ ਸਾਹਿਲ ਹਾਣੀਓ !
ਆਓ, ਕਿ ਰੀਝਾਂ ਦਾ ਮਰਨਾ ਰੋਕੀਏ
ਤੇ ਢੂੰਡੀਏ ਰੀਝਾਂ ਦੇ ਕਾਤਿਲ ਹਾਣੀਓ !

ਬੇਵਸੀ ਦੀ ਸੂਲ ਉੱਤੇ ਲਟਕਦਾ
ਗੁਜ਼ਰਦਾ ਹੈ ਸਮੇਂ ਦਾ ਹੁਣ ਜੋ ਵੀ ਛਿੰਨ !
ਸਰਦ ਹੋਏ ਖ਼ੂਨ ਸਾਹਵੇਂ ਬਣ ਗਿਆ
ਅੱਜ ਦਾ ਇਤਿਹਾਸ ਯਾਰੋ ਪ੍ਰਸ਼ਨ-ਚਿੰਨ੍ਹ !

ਹਾਏ ! ਔਹ ਬੰਬਾਂ ਦਾ ਧੂੰਆਂ ਛਾ ਗਿਆ
ਸ਼ਾਹ ਕਾਲਾ ਹੋ ਗਿਆ ਅੱਜ ਗਗਨ ਹੈ !
ਪੌਣਾਂ ਵਿੱਚ ਬਾਰੂਦ ਦੀ ਬੋ ਘੁਲ ਗਈ
ਝੁਲਸਿਆ ਗਿਆ ਜ਼ਿੰਦਗੀ ਦਾ ਹੁਸਨ ਹੈ !

'ਧਰਮ' ਤੇ 'ਸਿਆਸਤ' ਅੱਜ ਦਾਗੀ ਹੋਏ
ਰਹੇ ਹਨ ਮਾਲੀ ਹੀ ਬਾਗ਼ਾਂ ਨੂੰ ਉਜਾੜ !
ਬਾਟੇ ਭਰ ਮਜ਼ਲੂਮ ਦੀ ਰੱਤ ਪੀ ਰਹੇ
ਗੋਗੜਾਂ 'ਚੋਂ ਖ਼ੂਨ ਦੀ ਆਵੇ ਹਵਾੜ !

ਦਰਦ-ਗਾਥਾ ਕਹਿਣ ਤੋਂ ਅਸਮਰਥ ਜੋ
ਅੱਜ ਲਬਾਂ ਦੀ ਥਰਥਰਾਹਟ ਵਿਕ ਰਹੀ !
ਹੀਰਿਆਂ ਤੇ ਮੋਤੀਆਂ ਦੀ ਝਲਕ ਨਾਲ
ਜ਼ਿੰਦਗੀ ਦੀ ਮੁਸਕਰਾਹਟ ਵਿਕ ਰਹੀ !

ਮਾਇਆ ਦੇ ਇਸ ਹੀਜੜੇ ਜਿਹੇ ਦੌਰ ਵਿੱਚ
ਟਿਮਟਿਮਾਂਦਾ ਜੀਵਨ-ਦੀਪਕ ਬੁਝ ਰਿਹਾ।
ਕਿੱਥੇ ਸੁਪਨੇ ; ਕਿੱਥੇ ਤਲਖ਼ ਹਕੀਕਤਾਂ
ਦੋਨਾਂ ਦੇ ਵਿੱਚ ਕਿੰਨਾ ਗੂੜ੍ਹਾ ਫ਼ਾਸਲਾ !

ਓ ਨੌਜਵਾਨੋ ! ਜ਼ਿੰਦਗੀ ਦੇ ਵਾਰਸੋ !!
ਬਣਾਂਗੇ ਇਨਸਾਨ ਕਿਤਨੀ ਦੇਰ ਨੂੰ ?
ਸੜ੍ਹ ਗਈ ਜੇ ਪੇਟੋਂ ਭੁੱਖੀ ਜ਼ਿੰਦਗੀ,
ਕੀ ਕਰਾਂਗੇ ਰਾਖ ਦੇ ਇਸ ਢੇਰ ਨੂੰ ?

ਘੁੱਟ ਭਰਕੇ ਸਬਰ ਦਾ ਜੋ ਬਹਿ ਰਹੇ
ਅਣਖ ਸਾਡੀ ਹੁਣ ਜੋ ਬੇਜ਼ਬਾਨ ਹੈ।
ਸੁਲਘਦੇ ਅੰਗਾਰਿਓ ! ਏਹ ਸਰਾ-ਸਰ,
ਜ਼ਿੰਦਗੀ ਦੇ ਅਰਥ ਦਾ ਅਪਮਾਨ ਹੈ।

ਕਲਮ ਫੜਕੇ ਫ਼ਰਜ਼ ਦੇ ਅਹਿਸਾਸ ਦੀ,
ਸੱਚ ਦੇ ਕੁਝ ਨੂਰੀ-ਹਰਫ਼ ਉਲੀਕੀਏ !
ਚਾਨਣਾਂ ਦੀ ਖੋਜ ਵਿੱਚ ਸੁਕਰਾਤ ਜਿਓਂ
ਵਿਸ਼-ਪਿਆਲੇ ਮੁਸਕਰਾ ਕੇ ਡੀਕੀਏ !

ਜ਼ਿੰਦਗੀ ਨੂੰ ਹਿੱਕੜੀ ਨਾਲ ਘੁੱਟਕੇ
ਹੰਝੂ ਉਸਦੇ ਪੂੰਝਣਾ ਕੀ ਗ਼ਲਤ ਹੈ ?
ਚਾਨਣਾਂ ਦੀ ਫੜ ਬੁਹਾਰੀ ਹਾਣੀਓਂ !
ਨੇਰ੍ਹਿਆਂ ਨੂੰ ਹੂੰਝਣਾ ਕੀ ਗ਼ਲਤ ਹੈ ?

ਹੱਥ, ਜੋ ਮਜ਼ਲੂਮ ਦਾ ਗਲ ਘੁੱਟਦੇ,
ਕੀ ਉਨ੍ਹਾਂ ਨੂੰ ਕੱਟ ਦੇਣਾ ਪਾਪ ਹੈ ?
ਜੋ ਚਮਨ ਦੀ ਫਿਜ਼ਾ ਨੂੰ ਗੰਦਾ ਕਰੇ,
ਐਸਾ ਬੂਟਾ ਪੱਟ ਦੇਣਾ, ਪਾਪ ਹੈ ?

ਦੋਸਤੋ ! ਓ ਇਸ਼ਕ ਦੇ ਵਣਜਾਰਿਓ !!
ਹਾਣੀਓਂ ! ਓ ਹੁਸਨ ਦੇ ਜਾਦੂਗਰੋ !!
ਪਿਆਰ-ਭੁੱਖੀ ਜ਼ਿੰਦਗੀ ਦੀ ਤਲੀ ਤੇ,
ਕੋਈ ਤਾਂ ਚਾਨਣ ਦੀ ਮਹਿੰਦੀ ਲਾ ਦਿਓ !

ਜ਼ਿੰਦਗੀ ਜੇ ਕਤਲ ਹੋਣੋਂ ਰੋਕਣੀ,
ਕਾਤਲਾਂ ਨੂੰ ਕਤਲ ਕਰਨਾ ਪਏਗਾ !
ਜ਼ਿੰਦਗੀ ਦੀ ਚਿਰਾਂ-ਸੱਖਣੀ ਮਾਂਗ ਵਿੱਚ,
ਰੱਤ ਦਾ ਸੰਧੂਰ ਭਰਨਾ ਪਏਗਾ !

ਤੁਰੋ ! ਕਿ ਤੁਰਨੇ ਦਾ ਵੇਲਾ ਆ ਗਿਆ
ਸੈਨਤਾਂ ਅੱਜ ਮਾਰਦੀ ਹੈ ਰਾਹ-ਗੁਜ਼ਰ !
ਨੇਰ੍ਹਿਆਂ ਦੀ ਹਿੱਕ ਚੀਰਨ ਵਾਸਤੇ
ਆਓ ! ਬਣੀਏ "ਸੂਰਜਾਂ ਦੇ ਹਮਸਫ਼ਰ" !

# ਇਸ ਅੰਕ ਦਾ ਨਾਵਲ

('ਵਤਨੋਂ ਦੂਰ' ਦਾ ਸਥਾਈ ਕਾਲਮ)

## 3.

## ਗੋਲੀ ਚਲਦੀ ਗਈ

### (ਬੱਬਰਾਂ ਦੀ ਵਿਥਿਆ)

ਗਿ: ਤ੍ਰਿਲੋਕ ਸਿੰਘ

ਪ੍ਰਸਿੱਧ ਇਤਿਹਾਸਕ ਨਾਵਲਕਾਰ ਗਿ: ਤ੍ਰਿਲੋਕ ਸਿੰਘ ਦਾ ਨਾਵਲ 'ਗੋਲੀ ਚਲਦੀ ਗਈ'- ਵਰ੍ਹਦੀਆਂ ਗੋਲੀਆਂ ਦੀ ਛਾਂ ਹੇਠ, ਸਿਰਲੱਥ ਬਬਰਾਂ ਦੁਆਰਾ ਲਿਖੇ ਇਤਿਹਾਸ ਦੇ ਖੂਨੀ ਪੱਤਰਿਆਂ ਦੀ ਅਮਰ-ਦਾਸਤਾਨ ਪੇਸ਼ ਕਰਦਾ ਹੈ। ਇੱਤਿਆ ਕਾਂਡ ਸਪੱਸ਼ਟ ਕਰਦਾ ਹੈ ਕਿ ਅਗਾਂਹ-ਵਧੂ ਜਨਤਕ ਇਨਕਲਾਬੀ ਲਹਿਰਾਂ ਵਿੱਚ ਧੋਖੇ ਨਾਲ ਘੁਸੇ ਕਮੀਨੇ ਗਦਾਰਾਂ ਦਾ ਕੀ ਹਸ਼ਰ ਹੁੰਦਾ ਹੈ।

—ਮੁੱਖ ਸੰਪਾਦਕ

## ਕਾਂਡ 14.

ਬੇੜਾ ਕੌਮ ਦਾ ਜਿਹਨਾਂ ਨੇ ਗਰਕ ਕੀਤਾ,
ਸਿਰੀਂ ਜ਼ਾਲਮਾਂ ਦੇ ਖਾਕ ਪਾਣ ਲਗ ਪਉ।
ਦੇਸ਼ ਭਗਤਾਂ ਨੂੰ ਜਿਹਨਾਂ ਨੇ ਦੁਖ ਦਿਤਾ,
ਉਨ੍ਹਾਂ ਜ਼ਾਲਮਾਂ ਦੀ ਧੌਣ ਲਾਹਣ ਲਗ ਪਉ।
ਹਿੰਦ ਵਿਚ ਪਾਪੀ ਨਹੀਂ ਰਹਿਣ ਦੇਣੇ,
ਜਿਥੇ ਕਿਥੇ ਦੇਖੋ ਵੰਡਾਂ ਪਾਣ ਲਗ ਪਉ।
ਸਾੜੋ ਚੌਂਕੀਆਂ ਲੁਟੋ ਖਜ਼ਾਨਿਆਂ ਨੂੰ,
ਅਤੇ ਨਾਵਿਆਂ ਧੁਮ ਧਮਾਣ ਲਗ ਪਉ।
ਕੰਮ ਦੂਸਰਾ ਵੀ ਨਾਲ ਸ਼ੁਰੂ ਕਰਨਾ,
ਰੇਲਾਂ ਹੇਠ ਵੀ ਬੰਬ ਟਿਕਾਣ ਲਗ ਪਉ।

* * *

ਹਿੰਦੂ ਮੁਸਲਮਾਨੋ ਤੇ ਸਿੰਘ ਸੂਰਿਓ ਵੇ,
ਵੇਲਾ ਆ ਗਿਆ ਗਦਰ ਮਚਾਵਣੇ ਦਾ।
ਅਖੀਂ ਵੇਖ ਬਿਅਦਬੀਆਂ ਹੁੰਦੀਆਂ ਨੂੰ,
ਰਿਹਾ ਵਕਤ ਨਾਂ ਝਟ ਲੰਘਾਵਣੇ ਦਾ।
ਜ਼ੁਲਮ ਵੇਖ ਕੇ ਕਿਉਂ ਸੂਰਿਓ ਚੁਪ ਬੈਠੇ,
ਵਕਤ ਆ ਗਿਆ ਤੇਗ ਉਠਾਵਣੇ ਦਾ।

* * *

ਬਬਰੀ ਕਾਰਕੁਨਾਂ ਦੀ ਉਚੇਰੀ ਇਕੱਤਰਤਾ ਹੋ ਰਹੀ ਸੀ। ਉਸ ਇਕੱਤਰਤਾ ਵਿਚ ਉਹਨਾਂ ਦਾ ਆਪਣਾ ਛਪਿਆ ਅਖਬਾਰ 'ਬਬਰ-ਅਕਾਲੀ' ਨਾਂ ਦਾ ਪੜ੍ਹਿਆ ਜਾ ਰਿਹਾ ਸੀ। ਉਪਰੋਕਤ ਕਵਿਤਾ ਉਸ ਅਖਬਾਰ ਦੀਆਂ ਭੜਕਾਊ ਕਵਿਤਾਵਾਂ ਵਚੋਂ ਇਕ ਸੀ।

'ਬਬਰ ਅਕਾਲੀ' ਅਖਬਾਰ ਪ੍ਰੈਸ ਵਿਚ ਨਹੀਂ ਛਪਦਾ, ਸਗੋਂ ਸਾਈਕਲੋਸਟਾਈਲ ਤੇ ਛਾਪਿਆਂ ਜਾਂਦਾ ਸੀ। ਉਸ ਨੂੰ ਜਨਤਾ ਵਿਚ ਭੇਜਿਆ ਜਾਂਦਾ ਸੀ। ਪਰਚਾ ਸਰਕਾਰ ਦੇ ਬੰਦਿਆਂ ਦੇ ਵੀ ਹੱਥ ਲਗ ਗਿਆ ਤੇ ਉਹ ਵੀ ਹਲਕਾਏ ਕੁਤੇ ਵਾਂਗ ਨਸੋ-ਭਜ ਕਰਕੇ ਅਖਬਾਰ ਦੇ ਛਪਣ ਦਾ ਟਿਕਾਣਾ ਲਭਦੇ ਫਿਰਦੇ ਹਨ। ਪਰ ਉਹਨਾਂ ਨੂੰ ਬੱਬਰਾਂ ਦੇ ਕੇਂਦਰ ਦਾ ਪਤਾ ਨਹੀਂ ਲਗਦਾ ਸੀ।

ਸਰਕਾਰੀ ਜਾਸੂਸਾਂ ਕੋਲੋਂ ਦੁਰੇਡੇ ਤੇ ਅਣਜਾਣੇ ਰਹਿਣ ਕਰਕੇ ਹੀ ਉਹ ਇਕੱਤਰਤਾ, ਹੁਸ਼ਿਆਰ ਪੁਰ ਤੋਂ ਅਗੇ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਹੋ ਰਹੀ ਸੀ, ਚੰਦ ਚਾਂਦਨੀ ਰਾਤ ਸੀ। ਚਿੜੀ ਵੀ ਹਿਲੇ ਤਾਂ ਪਤਾ ਲਗ ਜਾਂਦਾ ਸੀ। ਉਹ ਇਕੱਤਰਤਾ ਲਾ-ਪਰਵਾਹੀ ਨਾਲ ਨਹੀਂ, ਸਗੋਂ ਸੁਚੇਤਤਾ ਨਾਲ ਕਰ ਰਹੇ ਸਨ। ਉਪਰ ਦੂਰ ਦੂਰ ਤਕ ਚੌਗਿਰਦੇ ਰਾਖੇ ਬਿਠਾਏ ਹੋਏ ਸਨ ਕਿ ਕੋਈ ਸਰਕਾਰੀ ਕਰਮਚਾਰੀ ਜਾਂ ਚੁਗਲ ਨਾ ਆ ਜਾਏ। ਚੁਗਲ ਤੇ ਝੋਲੀ ਚੁਕ ਤਾਂ ਸ਼ਿਕਾਰੀਆਂ ਵਾਂਗ ਹੀ ਨਸੇ ਭਜੇ ਫਿਰਦੇ ਰਹਿੰਦੇ ਸਨ।

ਝੋਲੀ ਚੁਕ, ਚੁਗਲ, ਥਾਣੇਦਾਰ ਤੇ ਹੋਰ ਸਰਕਾਰੀ ਕਰਮਚਾਰੀ ਜੇ ਨਸੇ ਭਜੇ ਨਾ ਫਿਰਦੇ ਤਾਂ ਕਰਦੇ ਕੀ? ਸਾਰੇ ਦੁਆਬੇ ਵਿਚ ਤਾਂ ਹਾ ਹਾ ਕਾਰ ਮਚ ਗਈ ਸੀ। ਤੇਰਾਂ ਚੌਦਾਂ ਝੋਲੀ ਚੁੱਕ ਮਾਰੇ ਗਏ ਸਨ। ਗਵਰਨਰ ਸਮੇਤ ਸਾਰੀ ਪੰਜਾਬ ਦੀ ਗੋਰਾ ਸ਼ਾਹੀ ਕੰਬ ਉਠੀ ਸੀ ਮਰਨ ਵਾਲਿਆਂ ਦੇ ਰਿਸ਼ਤੇਦਾਰ ਤੇ ਮਿਤ੍ਰ ਉਹਨਾਂ ਦੇ ਅਗੇ ਜਾ ਜਾ ਪਿਟਦੇ ਸਨ ਕਿ 'ਬੱਬਰਾਂ' ਨੂੰ ਫੜਿਆ ਜਾਏ। ਬੱਬਰਾਂ ਦੇ ਸਹਾਇਕ ਤੇ ਚੰਚਾਲਕ ਖੁਫੀਆ ਢੰਗ ਨਾਲ ਗਲਾਂ ਬਾਤਾਂ ਵਿਚ ਹੀ ਲੋਕਾਂ ਨੂੰ ਪ੍ਰਗਟ ਕਰਦੇ ਸਨ ਕਿ ਬੱਬਰਾਂ ਨੇ ਕੋਈ ਝੋਲੀ ਚੁਕ ਜੀਉਂਦਾ ਨਹੀਂ ਰਹਿਣ ਦੇਣਾ। ਸਰਕਾਰ ਨੇ ਭਾਰੀ ਇਨਾਮ ਰਖੇ ਸਨ ਕਿ ਬੱਬਰਾਂ ਨੂੰ ਫੜਨ ਵਾਲਿਆਂ ਨੂੰ ਦਿਤੇ ਜਾਣ। ਕਈ ਇਨਾਮ ਲੈਣ ਦੇ ਲਾਲਚ ਵਿਚ ਵੀ ਬੱਬਰਾਂ ਦੇ ਪਿਛੇ ਲਗ ਰਹੇ ਸਨ। ਪੰਜਾਬ ਵਿਚ ਬਗਾਵਤ ਦਾ ਭਾਰੀ ਖਤਰਾ ਪੈਦਾ ਹੋ ਗਿਆ, ਕਿਉਂਕਿ ਉਸ ਵੇਲੇ ਗੁਰਦਵਾਰਾ ਸੁਧਾਰ ਲਹਿਰ ਜ਼ੋਰ ਤੇ ਸੀ, ਸਾਰੇ ਦੇਸ ਵਿਚ ਸਿਵਲ-ਨਾ ਫੁਰਮਾਨੀ ਸ਼ੁਰੂ ਸੀ ਅਤੇ ਬੰਗਾਲ ਵਿਚ ਜੁਗਗਰਦਾਂ ਨੇ ਸਰਕਾਰ ਨੂੰ ਵਖਤ ਪਾਇਆ ਹੋਇਆ ਸੀ। ਸਰਕਾਰ ਹਿੰਦ ਘਬਰਾਈ ਹੋਈ ਸੀ। ਲੰਡਨ ਤੇ ਕਲਕਤੇ ਵਿਚਾਲੇ ਤਾਰਾਂ ਚਿੱਠੀਆਂ ਦਾ ਤਾਣਾ ਤਣਿਆ ਰਹਿੰਦਾ ਸੀ। 'ਕੀ ਕੀਤਾ ਜਾਏ? ਕੀ ਹੋ ਰਿਹਾ ਹੈ?' ਦੇ ਸਵਾਲ ਪੁਛੇ ਦਸੇ ਜਾਂਦੇ ਸਨ।

ਇਕੱਤਰਤਾ ਹੋ ਰਹੀ ਸੀ। ਜੋਸ਼, ਗੰਭੀਰਤਾ ਤੇ ਦੂਰੰਦੇਸ਼ੀ ਦੇ ਅਨੋਖੇ ਹੀ ਝਲਕਾਰੇ ਸਨ। ਹਨੇਰੀ ਖੱਡ ਵਿਚ ਚੰਦ ਬੰਦੇ ਬੈਠ ਕੇ ਬਰਤਾਨਵੀ ਸਾਮਰਾਜ ਦਾ ਤਖਤਾ ਉਲਟਾਣ ਲਈ ਵਿਚਾਰਾਂ ਕਰ ਰਹੇ ਸਨ। ਉਨ੍ਹਾਂ ਨੂੰ ਮਾਣ ਸੀ ਕਿ ਉਨ੍ਹਾਂ ਦੀਆਂ ਸਾਰੀਆਂ ਵਿਉਂਤਾਂ ਨੇਪਰੇ ਚੜ੍ਹ ਗਈਆਂ ਸਨ। ਉਨ੍ਹਾਂ ਦੇ ਉਦੇਸ਼ ਵਿਚ ਉਨ੍ਹਾਂ ਨੂੰ ਭਾਰੀ ਸਫ਼ਲਤਾ ਪ੍ਰਾਪਤ ਹੋ ਰਹੀ ਸੀ।

ਉਸ ਇਕੱਠ ਦੀ ਪਰਧਾਨਗੀ ਸ੍ਰ: ਕਿਸ਼ਨ ਸਿੰਘ ਜੀ ਗੜਗੱਜ ਵਿੜਿੰਗਾਂ ਵਾਲੇ ਕਰ ਰਹੇ ਸਨ, ਜਿਹੜੇ ਸਾਰੀ ਲਹਿਰ ਦੇ ਜਨਮ-ਦਾਤਾ ਤੇ ਆਗੂ ਸਨ। ਉਸ ਨੇ ਕਿਹਾ—

'ਭਾਰਤ ਮਾਤਾ ਦੇ ਸਪੁਤਰੋ' ਸਤਿਗੁਰੂ ਗੋਬਿੰਦ ਸਿੰਘ ਜੀ

ਮਹਾਰਾਜ ਦੇ ਨਿਰਭੈ ਜੋਧਿਓ ! ਤੁਸਾਂ ਦੀ ਕਮਾਈ ਸਫਲ ਹੋ ਰਹੀ ਹੈ। ਝੋਲੀਚੁਕ ਆਪਣੇ ਖੋਟੇ ਕਰਮ ਤੇ ਦੇਸ਼ ਧਰੋਹੀ ਬਣਨ ਦਾ ਕੌੜਾ ਫਲ ਖਾਂਦੇ ਹੋਏ ਨਰਕਾਂ ਵਲ ਤੁਰ ਗਏ ਹਨ। ਹਰ ਪਾਸਿਓਂ ਜਿਤ ਹੀ ਜਿਤ ਹੋ ਰਹੀ ਹੈ। ਭਾਵੇਂ ਅਸਾਂ ਵਿਚੋਂ ਕੁਝ ਸਿਰਲੱਥ, ਦੇਸ਼ ਭਗਤ ਭਾਰਤ ਦੀ ਸੁਤੰਤਰਤਾ ਦਾ ਘੋਲ-ਘੁਲਦੇ ਹੋਏ ਸ਼ਹੀਦੀਆਂ ਪ੍ਰਾਪਤ ਕਰਕੇ ਅਮਰ ਜੀਵਨ ਪ੍ਰਾਪਤ ਕਰ ਚੁਕੇ ਹਨ, ਫਿਰ ਵੀ ਉਤਸ਼ਾਹ ਵਧਦਾ ਜਾ ਰਿਹਾ ਹੈ। ਖੁਸ਼ੀ ਦੀ ਗਲ ਹੈ ਕਿ 'ਬਬਰ ਅਕਾਲੀ' ਜਥੇ ਵਿਚ ਸਿਆਣੇ ਅਤੇ ਦਲੇਰ ਪੁਰਸ਼ ਸ਼ਾਮਲ ਹੋ ਰਹੇ ਹਨ। ਉਹ ਅਸਾਂ ਨੂੰ ਹਰ ਤਰ੍ਹਾਂ ਸਹਾਇਤਾ ਦੇਣਗੇ। ਉਨ੍ਹਾਂ ਵਿਚੋਂ ਤਿੰਨ ਹਾਜ਼ਰ ਹਨ--ਸ: ਦਲੀਪ ਸਿੰਘ, ਮਾ: ਮੋਤਾ ਸਿੰਘ ਤੇ ਸ: ਹਰੀ ਸਿੰਘ। ਅਜੇ ਅਸਾਂ ਦੀ ਗਿਣਤੀ ਥੋੜ੍ਹੀ ਹੈ, ਅਕਾਲ ਪੁਰਖ ਮਿਹਰ ਕਰੇ, ਗਿਣਤੀ ਪੰਜ ਹਜ਼ਾਰ ਹੋ ਜਾਏ ਤਾਂ ਸਾਰੇ ਗੋਰਿਆਂ ਨੂੰ ਧੱਕੇ ਮਾਰ ਮਾਰ ਕੇ ਸਮੁੰਦਰ ਵਿਚ ਡੋਬ ਦਿਆਂਗੇ।'

ਇਹ ਵਾਕ ਸ: ਕਿਸ਼ਨ ਸਿੰਘ ਨੇ ਬੜਾ ਜ਼ੋਰ ਦੇ ਕੇ ਬੋਲਿਆ। ਉਸ ਦੇ ਹੱਥ ਦੀ ਮੁਕੀ ਆਪਣੇ ਆਪ ਹੀ ਵੱਟੀ ਗਈ ਤੇ ਉਹ ਜੋਸ਼ ਨਾਲ ਬੋਲੀ ਗਿਆ--

'ਅਸਾਂ ਨੂੰ ਪਤਾ ਲਗਾ ਹੈ ਕਿ ਪੁਲਸ ਜਤਨ ਕਰ ਰਹੀ ਹੈ ਕਿ ਆਪਣੇ ਆਦਮੀਆਂ ਨੂੰ ਅਸਾਡੇ ਵਿਚ ਧਸੋੜੇ ਤੇ ਉਹ ਜਾਸੂਸੀ ਕਰਨ। ਰਤਾ ਸੰਕੋਚ ਕੇ ਦੇਖ ਭਾਲ ਕਰਕੇ ਸਾਥੀ ਬਨਾਉਣੇ ਚਾਹੀਦੇ ਹਨ। ਮਾਇਆ ਦੀ ਸਖਤ ਜ਼ਰੂਰਤ ਹੈ। ਜਿਵੇਂ ਹੋਏ ਮਾਇਆ ਪ੍ਰਾਪਤ ਕਰਨੀ ਚਾਹੀਏ। ਹੁਣ ਤਕ ਦਸ ਹਜ਼ਾਰ ਰੁਪਿਆ ਕੁਝ ਸਜਣਾਂ ਨੇ ਜਾਨਾਂ ਹੀਲ ਕੇ ਉਹਨਾਂ ਕੰਜੂਸ ਸ਼ਾਹੂਕਾਰਾਂ ਦੀਆਂ ਤਜੌਰੀਆਂ ਵਿਚੋਂ ਲਿਆਂਦਾ ਹੈ ਜਹੜੇ ਕਿਸੇ ਨੂੰ ਨੇਫੇ ਵਿਚੋਂ ਜੂੰ ਕੱਢ ਕੇ ਵੀ ਨਹੀਂ ਦਿੰਦੇ। ਪਿਸ਼ਾਵਰ, ਪਟਿਆਲੇ ਤੇ ਨਾਭੇ ਤੋਂ ਹਥਿਆਰ ਪ੍ਰਾਪਤ ਕਰਨ ਲਈ ਬੰਦੇ ਭੇਜੇ ਹਨ। ਇਕ ਦੋ ਦਿਨਾਂ ਤਕ ਆ ਜਾਣਗੇ।'

ਕਿਸ਼ਨ ਸਿੰਘ ਨੇ ਆਪਣੀ ਰੀਪੋਰਟ ਪੇਸ਼ ਕਰ ਦਿਤੀ ਤਾਂ ਕੁਝ ਜਵਾਨਾਂ ਨੇ ਆਪਣੇ ਖਿਆਲ ਪ੍ਰਗਟ ਕੀਤੇ। ਅਜੇ ਕੋਈ ਵੱਡਾ ਫੈਸਲਾ ਕਰਨ ਹੀ ਲਗੇ ਸਨ, ਨਵੀਂ ਵਿਉਂਤ ਪ੍ਰਗਟ ਕਰਨੀ ਹੀ ਸੀ ਕਿ ਬਾਹਰ

ਖਲੋਤੇ ਰਾਖੇ ਨੇ ਆ ਕੇ ਜਥੇਦਾਰ ਕਿਸ਼ਨ ਸਿੰਘ ਦੇ ਕੰਨ ਵਿਚ ਕੁਝ ਆਖਿਆ, ਉਸ ਨੂੰ ਉਠਾ ਕੇ ਰਤਾ ਪਰੇ ਲੈ ਗਿਆ ਤੇ ਕਿਹਾ—

'ਇਕ ਤੀਵੀਂ ਆਈ ਹੈ। ਉਹ ਆਖਦੀ ਏ, ਤੁਸਾਂ ਨੂੰ ਮਿਲਣਾ ਹੈ। ਕਾਰਨ ਕੋਈ ਨਹੀਂ ਦਸਦੀ। ਉਹ ਮੀਟਿੰਗ ਵਿਚ ਆਣਾ ਚਾਹੁੰਦੀ ਹੈ। ਉਹ ਆਖਦੀ ਹੈ ਕਿ ਉਹ...ਤੋਂ ਆਈ ਹੈ ਤੇ ਦਾਰਾ ਸਿੰਘ ਦੀ

> ..............
>
> ..................
>
> ਉਹ ਜੇ ਨੱਠਣ ਲੱਗੇ, ਜੇ ਕੋਈ ਮਾੜੀ ਹਰਕਤ ਕਰੇ ਤਾਂ ਬੇਸ਼ੱਕ ਗੋਲੀ ਮਾਰ ਦੇਈਂ। ਉਸ ਦੀ ਤੀਵੀਂ ਜੋ ਆਈ ਹੈ, ਜ਼ਰੂਰ ਦਾਲ ਵਿਚ ਕੁਝ ਕਾਲਾ ਕਾਲਾ ਹੈ।"

ਤੀਵੀਂ ਹੈ। ਦਾਰਾ ਸਿੰਘ ਮੀਟਿੰਗ ਵਿਚ ਬੈਠਾ ਹੈ।'

'ਪਰ ਉਹ ਆ ਕਿਵੇਂ ਗਈ?'

'ਕੀ ਪਤਾ?'

'ਕਿਤੇ ਉਸ ਦੇ ਪਿਛੇ ਪੁਲਸ ਨਾ ਹੋਏ। ਉਸ ਨੇ ਪੁਲਸ ਨੂੰ ਡਰਦਿਆਂ ਭੇਤ ਨਾ ਪ੍ਰਗਟ ਕਰ ਦਿਤਾ ਹੋਵੇ?'

'ਉਹ ਤਾਂ ਕਹਿੰਦੀ ਹੈ, ਕਲੀ ਆਈ ਹੈ।'

'ਕਲੀ! ਐਡੀ ਦੂਰ ਕਲੀ! ਫਿਰ ਉਸ ਨੂੰ ਇਹ ਥਾਂ ਦਸੀ ਕਿਸ?'

'ਦਾਰਾ ਸਿੰਘ ਨੇ ਗਲ ਕੀਤੀ ਹੋਵੇਗੀ।'

'ਇਹ ਕਿਵੇਂ ਹੋ ਸਕਦਾ ਹੈ? ਸਾਰੇ ਮੈਂਬਰਾਂ ਨੂੰ ਪੱਕੀ ਕੀਤੀ ਗਈ ਸੀ ਕਿ ਇਕੱਤਰਤਾ ਦਾ ਸਮਾਂ ਤੇ ਥਾਂ ਟਿਕਾਣਾ ਕਿਸੇ ਨੂੰ ਨਹੀਂ ਦਸਣਾ।

'ਕੋਈ ਸਾਜ਼ਸ਼ ਜ਼ਰੂਰ ਹੈ।'

'ਫਿਰ ਹੁਕਮ ਕਰੋ।'

'ਉਸਦੀ ਤਲਾਸ਼ੀ ਲੈ ਕੇ, ਉਸ ਨੂੰ ਅਗੇ ਲਿਆਉ ਤੇ ਪਿਛੇ ਦੂਰ ਤਕ ਆਦਮੀ ਭੇਜੋ, ਪਤਾ ਕਰੋ ਕੋਈ ਇਸ ਦੇ ਪਿਛੇ ਤਾਂ ਨਹੀਂ।'

'ਉਹ ਤਾਂ ਸੌਂਹਾਂ ਖਾਂਦੀ ਹੈ ਕਿ ਉਸ ਦੇ ਨਾਲ ਕੋਈ ਨਹੀਂ। ਉਹ ਮਿਤਰ ਹੈ, ਦੁਸ਼ਮਣ ਨਹੀਂ। ਉਹ ਬਬਰਾਂ ਨੂੰ ਕਿਸੇ ਖਤਰੇ ਦ ਚਿਤਾਵਨੀ ਕਰਾਉਣਾ ਚਾਹੁੰਦੀ ਹੈ।'

'ਰਤਾ ਖਲੋ।'

ਇਹ ਆਖਕੇ ਕਿਸ਼ਨ ਸਿੰਘ ਮੁੜ ਮੀਟਿੰਗ ਵਿਚ ਗਿਆ ਉਸ ਨੇ ਬਾਬੂ ਸੰਤਾ ਸਿੰਘ ਤੇ ਸੁੰਦਰ ਸਿੰਘ ਮਖਸੂਮਪੁਰ ਨੂੰ ਉਠਾ ਕੇ ਬਾਹਰ ਲੈ ਆਂਦਾ ਤੇ ਪਰੇ ਜਾ ਕੇ ਉਨ੍ਹਾਂ ਨਾਲ ਗਲ ਕੀਤੀ। ਸੁੰਦਰਸਿੰਘ ਨੂੰ ਆਖਿਆ, 'ਤੂੰ ਦਾਰਾ ਸਿੰਘ ਦਾ ਖਿਆਲ ਰਖੇ। ਉਹ ਜੇ ਨਠਣ ਲਗੇ, ਜੇ ਕੋਈ ਮਾੜੀ ਹਰਕਤ ਕਰੇ ਤਾਂ ਬੇਸ਼ਕ ਗੋਲੀ ਮਾਰ ਦੇਈਂ। ਉਸ ਦੀ ਤੀਵੀਂ ਜੋ ਆਈ ਹੈ, ਜ਼ਰੂਰ ਦਾਲ ਵਿਚ ਕੁਝ ਕਾਲਾ ਕਾਲਾ ਹੈ।'

ਬਾਬੂ ਸੰਤਾ ਸਿੰਘ ਤੇ ਕਿਸ਼ਨ ਸਿੰਘ ਅਗੇ ਚਲੇ ਗਏ। ਤੀਵੀਂ ਨੂੰ ਕੋਲ ਸਦਿਆ। ਉਸ ਨੇ ਬੜੀ ਹਮਦਰਦੀ ਤੇ ਭਰੇ ਗਲੇ ਨਾਲ ਆਖਿਆ--'ਸ਼ੱਕ ਨਾ ਕਰੋ ਵੀਰ ਜੀ! ਮੈਂ ਦਾਰਾ ਸਿੰਘ ਦੇ ਘਰੋਂ ਹਾਂ। ਕੀ ਤੁਸਾਂ ਦੀ ਮੀਟਿੰਗ ਹੋ ਗਈ ਹੈ?'

ਕਿਉਂ?'

'ਕੋਈ ਵਿਉਂਤ ਨਵੀਂ ਤਾਂ ਨਹੀਂ ਸੋਚੀ?'

'ਕਈ ਸੋਚੀਆਂ ਹਨ।'

'ਕਿਸੇ ਨੂੰ ਮਾਰਨ ਦੀ ਵਿਉਂਤ--ਕਤਲ ਕਰਨ ਵਾਲੇ ਕੰਮ!'

'ਅਜੇ ਤਾਂ ਨਹੀਂ ਸੋਚੇ, ਪਰ ਤੇਰਾ ਮਤਲਬ?'

'ਮੇਰਾ ਮਤਲਬ ਹੈ, ਵੀਰੋ! ਮੇਰਾ ਮਤਲਬ ਹੈ!'

'ਕੀ ਮਤਲਬ–ਕੁਝ ਦਸ!'

'ਦਸਦੀ ਆਂ, ਦਸਣ ਵਾਸਤੇ ਆਈ ਹਾਂ-ਮੈਨੂੰ ਘੇਰ ਪੈ ਰਹੀ ਹੈ, ਮੈਂ ਬੌਂਦਲ ਰਹੀ ਆਂ–ਤੁਸੀਂ!'

'ਕੀ?'

'ਮੇਰੇ ਪਤੀ ਨੂੰ ਸਦੋ!'

'ਕਿਉਂ?'

'ਕੰਮ ਹੈ–ਤੁਸਾਂ ਸਾਰਿਆਂ ਦਾ ਭਲਾ ਹੈ--ਕਰਤਾਰ ਨੂੰ ਹਾਜ਼ਰ ਨਾਜ਼ਰ ਜਾਣ ਕੇ ਮੈਂ ਆਖਦੀ ਹਾਂ--ਸਾਰਿਆਂ ਦਾ ਭਲਾ ਹੈ।'

ਬਾਬੂ ਸੰਤਾ ਸਿੰਘ ਆ ਗਿਆ। ਉਹ ਦਾਰਾ ਸਿੰਘ ਨੂੰ ਸਦ ਲਿਆਇਆ।

ਦਾਰਾ ਸਿੰਘ ਤੀਹ ਕੱਤੀ ਸਾਲ ਦੀ ਉਮਰ ਦਾ ਗਭਰੂ ਸੀ। ਉਚਾ ਲੰਮਾਂ ਕੱਦ ਤੇ ਸੋਹਣਾ ਸਰੀਰ ਸੀ। ਜਥੇ ਵਿਚ ਸ਼ਾਮਲ ਹੋਇਆਂ ਉਸ ਨੂੰ ਅੱਠ ਕੁ ਮਹੀਨੇ ਹੋਏ ਸਨ ਤੇ ਉਸ ਦੀਆਂ ਦਲੇਰੀਆਂ ਦੇਖ ਕੇ, ਇਹ ਜਾਣ ਕੇ ਕਿ ਬੜਾ ਵਫ਼ਾਦਾਰ ਤੇ ਵਧ ਚੜ੍ਹ ਕੇ ਹਿਸਾ ਲੈਣ ਵਾਲਾ ਹੈ, ਸ੍ਰ: ਕਿਸ਼ਨ ਸਿੰਘ ਨੇ ਆਪਣੇ ਭਰੋਸੇ ਵਿਚ ਲੈ ਲਿਆ ਸੀ। ਉਸਦੇ ਕਿਸੇ ਕਰਮ ਤੇ ਸ਼ਕ ਨਹੀਂ ਸੀ ਕੀਤਾ ਜਾਂਦਾ ਉਸ ਨੂੰ ਤਾਂ ਹਥਿਆਰ ਲੈਣ ਵੀ ਭੇਜਿਆ ਜਾਂਦਾ ਸੀ। ਇਕ ਵਾਰ ਪਟਿਆਲਿਓਂ ਹੋ ਆਇਆ ਤੇ ਕਈਆਂ ਉਹਨਾਂ ਟੱਬਰਾਂ ਦਾ ਜਾਣੂ ਹੋ ਚੁਕਿਆ ਸੀ, ਜਿਹੜੇ ਗੁਪਤ ਢੰਗ ਨਾਲ ਪਿੰਡ ਰਹਿ ਕੇ ਬੱਬਰਾਂ ਦੀ ਮਾਲੀ ਤੇ ਇਖ਼ਲਾਕੀ ਸਹਾਇਤਾ ਕਰਦੇ ਸਨ। ਦਲੀਪ ਸਿੰਘ ਨੇ ਉਸ ਦੀ ਸਿਫਾਰਸ਼ ਕੀਤੀ ਸੀ। ਉਹ ਜ਼ਬਾਨ ਦਾ ਵੀ ਰਸੀਲਾ ਸੀ। ਉਸ ਦੀ ਜਵਾਨ ਵਹੁਟੀ ਬਲਬੀਰ ਕੌਰ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਪੁਜੀ। ਆਖਣੇ, ਪਿੰਡੋਂ ਤੁਰ ਕੇ ਉਸ ਨੂੰ ਕੋਈ ਤੀਹ-ਬੱਤੀ ਮੀਲ ਪੰਧ ਕਰਨਾ ਪਿਆ। ਫਿਰ ਇਕੱਲੀ। ਇਹ ਗਲਾਂ ਭੇਤ ਭਰੀਆਂ ਸਨ। ਸ੍ਰ: ਕਿਸ਼ਨ ਸਿੰਘ ਸਭ ਕੁਝ ਜਾਣਨ ਨੂੰ ਕਾਹਲਾ ਸੀ।

ਦਾਰਾ ਸਿੰਘ ਆਇਆ। ਨੇੜੇ ਆ ਕੇ ਚੰਦ ਦੀ ਚਾਂਦਨੀ ਵਿਚ ਜਦੋਂ ਉਸ ਨੇ ਆਪਣੀ ਜਵਾਨ ਪਤਨੀ ਨੂੰ ਦੇਖਿਆ ਤਾਂ ਉਹ ਠਠੰਬਰ ਗਿਆ। ਉਸ ਦਾ ਦਿਲ ਧੜਕਿਆ, ਮੱਥਾ ਠਣਕਿਆ ਤੇ ਉਸ ਨੇ ਕਾਹਲੀ ਨਾਲ ਪੁਛਿਆ–

ਨੇੜੇ ਆਕੇ ਚੰਦ ਦੀ ਚਾਂਦਨੀ ਵਿੱਚ ਜਦੋਂ ਉਸਨੇ ਆਪਣੀ ਜਵਾਨ ਪਤਨੀ ਨੂੰ ਦੇਖਿਆ, ਤਾਂ ਉਹ ਠਠੰਬਰ ਗਿਆ। ਉਸਦਾ ਦਿਲ ਧੜਕਿਆ, ਮੱਥਾ ਠਣਕਿਆ........

'ਤੂੰ ਏੱਥੇ ਕਿਵੇਂ?'

'ਜਿਵੇਂ ਤੁਸੀਂ ਏਥੇ।'

ਤੀਵੀਂ ਬਲਬੀਰ ਕੌਰ ਨੇ ਉਤਰ ਦਿਤਾ।

ਬਲਬੀਰ ਕੌਰ ਪੁਜ ਕੇ ਜਵਾਨ ਤੇ ਸੋਹਣੀ ਸੀ। ਉਸ ਦੇ ਘਰ ਅਜੇ ਤਕ ਬਾਲ ਕੋਈ ਨਹੀਂ ਸੀ ਹੋਇਆ। ਉਹ ਅਰੋਗ ਸੀ। ਉਸ ਦੀਆਂ ਕਾਲੀਆਂ ਅਖਾਂ ਚਮਕ ਰਹੀਆਂ ਸਨ। ਉਹ ਕੰਬੀ-ਜਾਂਦੀ ਸੀ।

'ਮੈਂ ਆਈ ਹਾਂ।' ਉਹ ਬੋਲੀ–'ਮੈਂ ਆਈ ਹਾਂ, ਆਪ ਮਰਨ ਤੇ ਤੈਨੂੰ ਮਾਰਨ।'

ਇਹ ਬੋਲ ਸੁਣ ਕੇ ਕਿਸ਼ਨ ਸਿੰਘ ਤੇ ਬਾਬੂ ਸੰਤਾ ਸਿੰਘ ਦੰਗ ਰਹਿ ਗਏ। ਉਹ ਹੈਰਾਨ ਹੋਏ। ਉਨ੍ਹਾਂ ਦੇ ਕੰਨ ਖੜੇ ਹੋ ਗਏ ਤੇ ਬਿਰਤੀਆਂ ਇਕਾਗਰ ਹੋ ਗਈਆਂ।

'ਕੀ ਆਖਦੀ ਆਂ?'

ਦਾਰਾ ਸਿੰਘ ਕੁਝ ਕਾਹਲਾ ਪਿਆ।

'ਮੈਂ...ਮੈਂ ਆਖਦੀ ਆਂ ਤੂੰ ਬੇਈਮਾਨ ਦੇਸ਼-ਧਰੋਹੀ ਬਣ ਗਿਆ ਏਂ। ਤੂੰ ਵਿਕ ਗਿਆ ਏਂ। ਅਜੇ ਸਾਡੇ ਉਲਾਦ ਨਹੀਂ ਹੋਈ, ਕੀ ਪਤਾ ਕਿਸ ਪਾਪ ਦਾ ਫਲ ਤੇ...!'

ਇਹ ਸੁਣ ਕੇ ਕਿਸ਼ਨ ਸਿੰਘ ਨੇ ਪਸਤੌਲ ਹਥ ਲੈ ਕੇ ਉਸ ਦੇ ਘੋੜੇ ਉਤੇ ਉਂਗਲ ਰਖ ਦਿਤੀ।

'ਤੂੰ ਕੀ ਬਕਦੀ ਏਂ? ਕੀ ਆਖਦੀ ਏਂ? ਪਾਗਲ ਤਾਂ ਨਹੀਂ ਹੋ ਗਈ? ... ਕਿਤੇ ਤੂੰ ਹੀ ਤਾਂ ਪੁਲਸ ਕੋਲ ਨਹੀਂ ਵਿਕ ਗਈ? ਤੇਰੇ ਬਾਪ ਨੇ ਤਾਂ ਚਲਾਕੀ ਖੇਡੀ?'

ਦਾਰਾ ਸਿੰਘ ਕਾਹਲੀ ਕਾਹਲੀ ਥਿੜਕ ਥਿੜਕ ਕੇ ਬੋਲੀ ਗਿਆ। ਉਸ ਦੇ ਚਿਹਰੇ ਤੇ ਤਰੇਲੀ ਆ ਗਈ। ਉਹ ਬਲਬੀਰ ਕੌਰ ਦੇ ਹੋਰ ਨੇੜੇ ਹੋਣ ਹੀ ਲਗਾ ਸੀ ਕਿ ਕਿਸ਼ਨ ਸਿੰਘ ਨੇ ਲਲਕਾਰਾ ਮਾਰਿਆ–

'ਇਥੇ ਜੰਮ ਕੇ ਖਲੋਤਾ ਰਹੋ। ਜੇ ਅਗੇ ਹੋਇਓਂ ਤਾਂ ਗਲੀ।'

ਫਿਰ ਉਸ ਨੇ ਬਲਬੀਰ ਕੌਰ ਨੂੰ ਸੰਬੋਧਨ ਕਰਕੇ ਪੁਛਿਆ--

'ਬੀਬੀ! ਬੁਝਾਰਤਾਂ ਨਾ ਪਾ, ਸਿਧੀ ਗਲ ਕਰ। ਮਾਮਲਾ ਕੀ ਹੈ? ਵੇਲਾ ਥੋੜਾ ਹੈ, ਕੰਮ ਬਹੁਤੇ ਕਰਨੇ ਹਨ। ਛੇਤੀ ਦਸ।'

'ਵੀਰ ਜੀ', ਦਲਬੀਰ ਕੌਰ ਬੋਲੀ, ਇਹ ਪੁਲਸ ਕੋਲ ਵਿਕ ਗਿਆ ਹੈ। ਮੈਂ ਸਾਰੀਆਂ ਗਲਾਂ ਸੁਣ ਲਈਆਂ। ਇਹ ਤੁਸਾਂ ਨੂੰ ਫੜਾ ਦੇਗਾ। ਇਸ ਦੀ ਜੇਬ ਵਿਚ ਡੇਰੀ ਹੈ, ਸਾਰੀ ਕਾਰਵਾਈ ਪੁਲਸ ਨੂੰ

ਦਸੇਗਾ। ਮੈਂ ਨਸੀ ਆਈ। ਇਸਨੇ ਥਾਂ ਟਿਕਾਣਾ ਪੁਲਸ ਨੂੰ ਦਸਿਆ ਸੀ। ਮੈਂ ਸੁਣ ਲਿਆ। ਸ਼ਾਇਦ ਪੁਲਸ ਵੀ ਆ ਜਾਏ--ਕਿਤੇ ਲੁਕੋ ਹੋਏ—ਇਹ ਗੱਦਾਰ ਬਣ ਗਿਆ—ਝੋਲੀ ਚੁਕ ਹੋ ਗਿਆ, ਕੁਲ ਨੂੰ ਕਲੰਕ ਲਾਉਣ ਲੱਗਾ। ਮੈਂ ਅਭਾਗਣ--ਮੈਂ ਨਹੀਂ ਚਾਹੁੰਦੀ ਲੋਕ ਸਾਨੂੰ ਲਾਹਨਤਾਂ ਪਾਉਣ। ਅਸੀਂ ਮੂੰਹ ਕਾਲੇ ਵਾਲੇ ਲੁਕਦੇ ਫਿਰੀਏ ਇਹ ਤੁਸਾਂ ਨੂੰ ਧੋਖਾ ਦੇ ਰਿਹਾ ਏ! ਪੁਲਸ, ਫੌਜ! ਸਾਰੇ ਆ ਰਹੇ ਨੇ ਨਸ ਜਾਉ! ਉਹ ਆ ਰਹੇ ਨੇ ... ਮੈਂ ਥੱਕ ਗਈ, ਮੈਂ ਘਬਰਾ ਗਈ!'

ਇਉਂ ਬੋਲਦੀ ਬੋਲਦੀ ਉਹ ਘਬਰਾ ਕੇ ਡਿਗ ਪਈ'। ਉਹ ਬੌਂਦਲ ਗਈ ਸੀ। ਉਸ ਦੇ ਸਿਰ ਨੂੰ ਚੱਕਰ ਆਇਆ ਤੇ ਇਕਾ -- ਇਕ ਡਿਗ ਪਈ। ਪੱਥਰ ਉਤੇ ਸਿਰ ਵੱਜਾ ਤੇ ਲਹੂ ਵਗ ਤੁਰਿਆ।

'ਇਹ ਤੁਸਾਂ ਨੂੰ ਧੋਖਾ ਦੇ ਰਿਹਾ ਐ! ਪੁਲਸ, ਫੌਜ...... ਸਾਰੇ ਨੱਸ ਜਾਓ! ਬਚ ਜਾਓ! ਇਹ ਡੋਰੀ ਦਿੰਦਾ ਹੈ।' ਉਹ ਆਪ-ਮੁਹਾਰੇ ਬੋਲਦੀ ਗਈ।

ਉਸ ਦਾ ਸਿਰ ਚਕਰਾ ਗਿਆ। ਤੀਵੀਂ ਸੀ। ਆਪਣੇ ਪਤੀ ਦੇ ਵਿਰੁਧ ਉਸ਼ ਨੇ ਵੱਡਾ ਦੋਸ਼ ਲਾਇਆ। ਇਸੇ ਵਾਸਤੇ ਸ਼ਾਇਦ ਘਬਰਾ ਗਈ--ਇਕ ਪਾਸੇ ਪਤੀ ਸੀ ਤੇ ਦੂਜੇ ਪਾਸੇ ਦੇਸ਼, ਕੌਮ ... ਕੌਣ ਵੱਡਾ ? ਇਸ ਚੰਗਾ ਕਹੇ? ਇਸ ਬਦਲੇ ਉਸ ਦੇ ਹਿਰਦੇ ਵਿਚ ਘੋਲ ਹੁੰਦਾ ਰਿਹਾ ਸੀ। ਅੰਤ ਉਸ ਦੇ ਮਨ ਨੇ ਦੇਸ਼ ਦਾ ਪੱਖ ਲਿਆ, ਉਹ ਘਰੋਂ ਨੱਠੀ ਤੇ ਜੰਗਲ ਵਿਚ ਆ ਪੁਜੀ।

ਦਾਰਾ ਸਿੰਘ ਨੱਠਣ ਲੱਗਾ। ਉਸ ਨੇ ਪਸਤੌਲ ਤਾਣ ਲਿਆ। ਉਹ ਆਪਣੇ ਅਸਲੇ ਵਿਚ ਪ੍ਰਗਟ ਹੋ ਗਿਆ 'ਹਟ ਜਾਉ! ਮੈਂ ਗੋਲੀ ਮਾਰ ਦਿਆਂਗਾ! ਹੱਟ ਜਾਉ!'

ਇਹ ਆਖ ਕੇ ਉਹ ਕਦਮ ਚੁਕਣ ਲੱਗਾ ਸੀ ਕਿ ਸਰਦਾਰ ਕਿਸ਼ਨ ਸਿੰਘ ਨੇ ਉਸ ਦੀ ਲਤ ਵਿਚ ਗੋਲੀ ਮਾਰੀ। ਪਸਤੌਲ ਦੀ ਗੋਲੀ ਚਲਣ ਦਾ ਐਨਾ ਖੜਕਾ ਹੋਇਆ ਕਿ ਪਹਾੜੀ ਇਕਾਂਤ ਗੂੰਜ ਉਠੀ। ਮਨੁਖਾਂ ਤਾਂ ਕੰਨ ਚੁਕਣੇ ਹਨ, ਪੰਛੀ ਤੇ ਜਾਨਵਰ ਜਾਗ ਪਏ।

ਦਾਰਾ ਸਿੰਘ ਨੇ ਵੀ ਗੋਲੀ ਚਲਾਈ, ਪਰ ਵਾਰ ਖਾਲੀ ਗਿਆ। ਉਸ ਦੀ ਇਹ ਹਰਕਤ ਵੇਖ ਕੇ ਕਿਸ਼ਨ ਸਿੰਘ ਦੇ ਸਾਥੀ ਨੇ ਦਾਰਾ ਸਿੰਘ ਦੀ ਪਿਠ ਵਿਚ ਗੋਲੀ ਮਾਰੀ। ਉਹ ਵਲ ਖਾ ਕੇ ਪਥਰੀਲੀ ਧਰਤੀ ਤੇ

{ ਝੋਲੀ ਚੁਕ ਦਾਰਾ ਸਿੰਘ ਨੂੰ ਕਿਸ਼ਨ ਸਿੰਘ ਤੇ ਉਸ ਦੇ ਸਾਥੀ ਨੇ ਗੋਲੀ ਮਾਰਨੀ, ਜਦ ਕਿ ਉਸ ਦੀ ਪਤਨੀ ਬਲਬੀਰ ਕੌਰ ਨੇ ਉਸ ਦੀ ਬੇ-ਵਫਾਈ ਦਾ ਭੇਤ ਦਸਿਆ। }



ਡਿਗ ਪਿਆ।

'ਅਗੇ ਕੀ ਕਰਨਾ ਚਾਹੀਏ' ਅਜੇ ਇਹ ਵਿਚਾਰ ਮਨ ਵਿਚ ਕਰ ਹੀ ਰਹੇ ਸਨ ਕਿ ਕਿਸ਼ਨ ਸਿੰਘ ਦੇ ਪਤਲੇ ਕੰਨਾਂ ਸੁਣਿਆਂ-ਘੋੜਿਆਂ ਦੇ ਮੂੰਬਾਂ ਦੀ ਟਿਪ ਟਿਪ, ਰਾਤ ਦੀ ਸ਼ਾਂਤੀ ਤੇ ਚੁਪ ਨੂੰ ਭੰਗ ਕਰਦੀ ਹੋਈ ਅਗੇ ਵਧੀ ਆ ਰਹੀ ਸੀ।

'ਪੁਲਸ!'

ਉਸ ਦੇ ਮੂੰਹੋਂ ਨਿਕਲਿਆ।

'ਆਦਮੀਆਂ ਨੂੰ ਸਦੋ। ਇਹਨਾਂ ਦੋਹਾਂ ਨੂੰ ਚੁਕਣ ਤੇ ਅਗੇ ਵਧ ਚਲੀਏ, ਪੁਲਸ ਆ ਗਈ। ਦਾਰਾ ਸਿੰਘ ਕਾਲੀ ਭੇਡ ਹੀ ਨਿਕਲਿਆ।'

ਕਿਸ਼ਨ ਸਿੰਘ ਦਾ ਸਾਥੀ ਬਾਕੀ ਸਾਥੀਆਂ ਵਲ ਨਠ ਪਿਆ।

## ਰੂਪਕਾਰ ਨਿਰਮਲ



'ਵਤਨੋਂ ਦੂਰ' ਦੇ ਸੰਗਰਾਮ ਅੰਕ ਦੇ ਮੁੱਖ ਪੰਨੇ ਦਾ ਚਿਤਰ ਰੂਪਕਾਰ ਨਿਰਮਲ ਦੇ ਅਨੁਭਵੀ-ਬੁਰਸ਼ ਦਾ ਕਮਾਲ ਹੈ।

ਚਿੱਤਰ ਵਿੱਚ ਦਰਸ਼ਾਂਦੀ ਪਗਡੰਡੀ ਸੰਗਰਾਮ ਦੇ ਔਕੜਾਂ ਭਰੇ ਰਾਹ ਦੀ ਪ੍ਰਤੀਕ ਹੈ। ਇਸ ਪਗਡੰਡੀ ਦੇ ਰਾਹ ਤੇ, ਵਤਨ ਤੋਂ ਦੂਰ ਬੈਠਿਆਂ ਦੀ, ਵਤਨ ਅਤੇ ਉਸਦੇ ਲੋਕ-ਸੰਗਰਾਮ ਦੀ ਯਾਦ ਸਾਡੇ ਦਿਲ-ਸਾਗਰ ਉਪਰ ਇੰਞ ਤਰ ਰਹੀ ਹੈ ਜਿਵੇਂ ਪਾਣੀ ਦੀਆਂ ਛੱਲਾਂ ਤੇ ਹਮੇਸ਼ਾਂ ਉੱਚਾ ਕੰਵਲ ਦਾ ਫੁੱਲ ਮੁਸਕਰਾਉਂਦਾ ਹੈ।

ਪ੍ਰਿੰਸ ਰੂਪਰਟ (ਬੀ. ਸੀ.) ਦੇ ਇਸ ਨੌਜੁਆਨ ਚਿੱਤਰਕਾਰ ਨੂੰ ਵਧਾਈ ਦਿੰਦੇ ਹੋਏ, ਭਵਿੱਖ ਵਿਚ ਅਸੀਂ ਉਸਤੋਂ ਹੋਰ ਦਲੇਰ ਕ੍ਰਿਤਾਂ ਦੀ ਮੰਗ ਕਰਦੇ ਹਾਂ। ਪਾਠਕਾਂ ਦੇ ਸੁਝਾਅ ਆਉਣ ਉੱਤੇ ਅਸੀਂ ਉਨ੍ਹਾਂ ਦੀਆਂ ਨਵੀਆਂ ਕਲਾ-ਕ੍ਰਿਤਾਂ ਪੇਸ਼ ਕਰਨ ਦਾ ਵਾਅਦਾ ਕਰਦੇ ਹਾਂ!

ਕੈਨੇਡਾ ਵਿੱਚ ਵਸਦੇ ਹੋਰ ਕਲਾ-ਪ੍ਰੇਮੀ ਨੌਜੁਆਨਾਂ ਨੂੰ ਵੀ ਬੇਨਤੀ ਹੈ ਕਿ ਉਹ ਟਾਈਟਲ-ਪੇਜ਼ ਲਈ ਆਪਣੀਆਂ ਕ੍ਰਿਤਾਂ ਅਤੇ ਆਪਣੀ ਜਾਣਕਾਰੀ ਸਾਨੂੰ ਲਿਖ ਭੇਜਣ! 'ਵਤਨੋਂ ਦੂਰ' ਨੂੰ ਤੁਹਾਡੇ ਪਿਆਰੇ ਸਹਿਯੋਗ ਦਾ ਇੰਤਜ਼ਾਰ ਹੈ।

(ਮੁੱਖ-ਸੰਪਾਦਕ)

# "ਜਨਤਾ ਦੀ ਕਚਹਿਰੀ ਵਿੱਚ"

ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਮਤੀ ਇੰਦਰਾ ਗਾਂਧੀ 17 ਜੂਨ ਤੋਂ 24 ਜੂਨ ਤੱਕ ਕੈਨੇਡਾ ਦੇ ਦੋਸਤਾਨਾ ਦੌਰੇ ਤੇ ਕੈਨੇਡਾ ਆ ਕੇ ਗਏ ਹਨ। ਉਹਨਾਂ ਦੇ ਸਵਾਗਤ ਲਈ ਵੈਨਕੋਵਰ (ਬੀ.ਸੀ.) ਦੀਆਂ ਕਈ ਭਾਰਤੀ-ਸੰਸਥਾਵਾਂ ਦੇ ਆਗੂਆਂ ਦੀ ਅਗਵਾਈ ਹੇਠ ਬਣੀ 'ਸਵਾਗਤੀ-ਸੰਸਥਾ' ਨੇ "ਕੁਈਨ ਐਲਿਜ਼ਬੈੱਥ ਥੀਏਟਰ" ਵੈਨਕੋਵਰ ਵਿੱਚ 23 ਜੂਨ 1973 ਨੂੰ ਸ੍ਰੀ ਮਤੀ ਗਾਂਧੀ ਨੂੰ 'ਜੀ ਆਇਆਂ' ਕਿਹਾ। ਏਸੇ ਦਿਨ ਸਵੇਰੇ ਪਹਿਲਾਂ ਉਹ; 8000 ਰੌਸ ਸਟਰੀਟ ਵੈਨਕੋਵਰ ਤੇ ਸਥਿਤ ਗੁਰ-ਦੁਆਰੇ ਵਿੱਚ ਵੀ ਗਏ ਸਨ। 'ਸਵਾਗਤੀ-ਸੰਸਥਾ' ਵੱਲੋਂ ਥੀਏਟਰ ਵਿੱਚ ਜਾਣ ਦਾ ਟਿਕਟ ਇੱਕ ਡਾਲਰ ਲਾਇਆ ਗਿਆ ਸੀ।

ਇੰਦਰਾ ਗਾਂਧੀ ਅਨੁਸਾਰ ਓਟਾਵਾ, ਮੌਂਟਰੀਆਲ, ਟੋਰਾਂਟੋ, ਕੈਲਗਿਰੀ ਤੇ ਫੇਰ ਵੈਨਕੋਵਰ ਵਿੱਚ ਉਸਨੂੰ ਚਾਰ ਕਿਸਮ ਦੇ ਵਿਖਾਵਾਕਾਰੀ (Demonstrators) ਮਿਲੇ ਹਨ:- ਕਾਲੀਆਂ ਝੰਡੀਆਂ ਵਾਲੇ (ਉਸਦਾ ਇਸ਼ਾਰਾ ਪਾਕਿਸਤਾਨੀ ਜੰਗੀ-ਕੈਦੀਆਂ ਦੀ ਰਿਹਾਈ ਦੀ ਮੰਗ ਕਰਨ ਵਾਲੇ ਪਾਕਿਸਤਾਨੀਆਂ ਵੱਲ ਸੀ); ਲਾਲ ਝੰਡੀਆਂ ਵਾਲੇ (ਇਸ਼ਾਰਾ ਕਮਿਊਨਿਸਟ ਪਾਰਟੀ ਕੈਨੇਡਾ (ਮਾਰਕਿਸਟ-ਲੈਨਿਨਿਸਟ) ਵੱਲ ਸੀ ਜੋ 'ਭਾਰਤੀ ਇਨਕਲਾਬ-ਜ਼ਿੰਦਾਬਾਦ', 'ਕੈਨੇਡਾ ਇਨਕਲਾਬ-ਜ਼ਿੰਦਾਬਾਦ' ਤੇ ਹੋਰ ਕਈ ਨਾਅਰਿਆਂ ਵਾਲੀਆਂ ਝੰਡੀਆਂ ਲਈ ਖੜੋਤੇ ਸਨ); 'ਖਾਲਿਸਤਾਨ' ਤੇ ਸਿੱਖਾਂ ਨਾਲ ਭਾਰਤ ਵਿੱਚ ਹੋ ਰਹੇ ਵਿਤਕਰੇ ਦਾ ਜ਼ਿਕਰ ਕਰਨ ਵਾਲੇ <u>ਅਤੇ</u> ਆਨੰਦ ਮਾਰਗ ਦੇ ਮੁਖੀ 'ਆਨੰਦ ਮੂਰਤੀ ਜੀ' ਦੀ ਰਿਹਾਈ ਦੀ ਮੰਗ ਕਰਨ ਵਾਲੇ। ਉਹਨਾਂ ਨੇ ਚਾਰੇ ਕਿਸਮ ਦੇ ਵਿਖਾਵਾਕਾਰੀਆਂ ਬਾਰੇ ਆਪਣੇ ਵਿਚਾਰ ਇਉਂ ਪ੍ਰਗਟ ਕੀਤੇ:-

- ਪਾਕਿਸਤਾਨੀ ਜੰਗੀ ਕੈਦੀਆਂ ਦਾ ਮਸਲਾ ਇਕੱਲੇ ਭਾਰਤ ਦਾ ਨਹੀਂ ਹੈ; ਬੰਗਲਾ-ਦੇਸ਼ ਤੇ ਪਾਕਿਸਤਾਨ ਦਾ ਵੀ ਹੈ। ਇਹ ਮਸਲੇ ਦਾ ਜੋਗ ਹੱਲ ਤਾਂ ਹੀ ਲੱਭਿਆ ਜਾ ਸਕਦਾ ਹੈ, ਜੇ ਬਾਕੀ ਦੇ ਧਿਰਾਂ ਵੀ ਭਾਰਤ ਵਾਂਗ ਇਸ ਮਸਲੇ ਦੇ ਛੇਤੀ ਹੱਲ ਤੇ ਜਾਣ ਦੀ ਤੇਜ਼ੀ ਇੱਛਾ ਪ੍ਰਗਟਾਉਣ ਤੇ ਆਪਸੀ ਗੱਲ-ਬਾਤ ਲਈ ਯੋਗ ਮਾਹੌਲ ਪੈਦਾ ਕਰਨ।
- ਇਨਕਲਾਬ ਦੇ ਅਰਥ CHANGE (ਤਬਦੀਲੀ) ਹੁੰਦੇ ਹਨ ਤੇ ਭਾਰਤ ਵਿੱਚ ਕਈ ਤਬਦੀਲੀਆਂ ਆਈਆਂ ਹਨ। ਜਿਵੇਂ ਕਿ ਹਰਾ ਇਨਕਲਾਬ (GREEN REVOLUTION). ਸੋ ਭਾਰਤ ਤਾਂ ਪਹਿਲਾਂ ਹੀ ਇਨਕਲਾਬ ਦੇ ਰਾਹ ਤੇ ਹੈ।
- ਭਾਰਤ ਦੇ ਹਰ ਹਿੱਸੇ ਵਿੱਚ ਸਿੱਖ ਚੰਗੀਆਂ ਚੰਗੀਆਂ ਪੋਜ਼ੀਸ਼ਨਾਂ ਤੇ ਹਨ। ਮੇਰੇ ਖਿਆਲ ਵਿੱਚ ਉਹਨਾਂ ਨਾਲ ਕਿਸੇ ਪ੍ਰਕਾਰ ਦਾ ਕੋਈ ਵਿਤਕਰਾ ਨਹੀਂ ਹੋ ਰਿਹਾ।
- 'ਆਨੰਦ ਮੂਰਤੀ ਜੀ' ਤੇ ਕੁਝ ਸੰਗੀਨ-ਦੋਸ਼ ਹੋਣ ਕਾਰਣ ਉਹਨਾਂ ਤੇ ਮੁਕੱਦਮਾ ਚੱਲ ਰਿਹਾ ਹੈ। ਕਿਸੇ ਬੰਦੇ ਨੂੰ ਕੇਵਲ ਇਸ ਕਰਕੇ ਹੀ ਕਾਨੂੰਨੀ ਕਾਰਵਾਈ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ ਕਿ ਉਹ ਕਿਸੇ ਸੰਸਥਾ ਦਾ ਮੁਖੀ ਹੈ।

ਉਪਰੋਕਤ ਸਾਰੇ ਪਾਤਰ 'ਜਨਤਾ ਦੀ ਕਚਹਿਰੀ ਵਿੱਚ' ਪੇਸ਼ ਹਨ!




19 ਅਗੱਸਤ ਨੂੰ ਉਲੰਪੀਆ ਥੀਏਟਰ (2381 E. HASTINGS) ਵਿੱਚ
ਦਿਖਾਈ ਜਾ ਰਹੀ ਰੰਗਦਾਰ ਪੰਜਾਬੀ ਫਿਲਮ :-

**ਸੱਜਨ ਦੁਸ਼ਮਨ**

✱ ਫਿਰਦੌਸ-ਅਨਾਇਤ ਹੁਸੈਨ ਭੱਟੀ
ਤੇ ਕਾਮੇਡੀਅਨ
ਮੁਨੱਵਰ ਜ਼ਰੀਫ ('ਹੀਰ ਰਾਂਝਾ' ਦਾ ਸੈਦਾ ਅਤੇ 'ਮਿਰਜ਼ਾ ਜੱਟ' ਦਾ ਲੁਹਾਰ)

Door opens: 6.30 P.M.
Show starts: 7.30 P.M.
PHONE MR. IQBAL at 437-8865

ਕੈਨੇਡਾ ਵਿੱਚ ਵਸਦੇ ਭਾਰਤੀਆਂ ਲਈ ਸ: ਸੁਰਜਨ ਸਿੰਘ ਗਿੱਲ ਦੀਆਂ ਦੋ ਸੇਵਾਵਾਂ:

# ਗਿੱਲ ਇੰਟਰਨੈਸ਼ਨਲ ਟਰੈਵਲ ਸਰਵਿਸ



# ਖ਼ਾਲਸਾ ਇਮਪੋਰੀਅਮ

ਕੀ ਤੁਸੀਂ ਭਾਰਤ ਜਾਂ ਪਾਕਿਸਤਾਨ ਜਾ ਰਹੇ ਹੋ?
ਇੰਗਲੈਂਡ? ਫਰਾਂਸ? ਹਾਲੈਂਡ? ਸਿੰਘਾਪੁਰ?
ਮਲਾਇਆ? ਜਪਾਨ? ਆਸਟਰੇਲੀਆ?
ਰੂਸ? ਚੀਨ? ਫੀਜ਼ੀ? ਨਿਊਜ਼ੀਲੈਂਡ?
ਭਾਵ ਹੈ: ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ;

**ਤਾਂ ਆਓ ਤੇ ਸਾਡੀਆਂ ਦੋਸਤਾਨਾ-ਸੇਵਾਵਾਂ ਦਾ ਪੂਰਾ ਲਾਭ ਉਠਾਓ!**

**● ਇੰਮੀਗਰੇਸ਼ਨ ● ਵੀਜ਼ਾ ● ਪਾਸਪੋਰਟ ਦੇ ਕੰਮਾਂ ਦੀ ਜ਼ਿੰਮੇਵਾਰੀ ਵੀ ਸਾਡੀ ਜੀ ਹੋਵੇਗੀ**

ਸਾਡਾ ਨਾਹਰਾ ਹੈ:
"ਘੱਟ ਕਿਰਾਇਆ; ਬਹੁਤ ਤੇ ਆਰਾਮਦਾਇਕ ਸਫ਼ਰ"

ਲਿਖੋ, ਮਿਲੋ ਜਾਂ ਫ਼ੂਨ ਕਰੋ:-

1113-6TH AVE.
NEW WESTMIN.,
B.C.

TEL. NO.
BUS. - 5245244
RES. - 8799040

ਭਾਰਤੀਆਂ ਦੀ ਹਰਮਨ-ਪਿਆਰੀ, ਗਰੋਸਰੀ ਦੀ ਇਸ ਦੁਕਾਨ ਤੋਂ ਸਾਰੀ ਭਾਰਤੀ ਗਰੋਸਰੀ ਸ਼ੁਧ ਤੇ ਸਸਤੀ ਮਿਲਦੀ ਹੈ।

**ਵਿਸ਼ੇਸ਼:-**

* ਮੱਕੀ ਤੇ ਕਣਕ ਦਾ ਆਟਾ
* ਸਰ੍ਹੋਂ ਦਾ ਤੇਲ
* ਸਾਰੇ ਅਚਾਰ
* ਸਾਰੇ ਮਸਾਲੇ
* ਸਾਰੀਆਂ ਦਾਲਾਂ
* ਘਲਾੜੀ ਦਾ ਗੁੜ

**ਅਣਮੋਲ ਤੋਹਫ਼ੇ:-**

ਵਿਆਹ ਸ਼ਾਦੀ ਦਾ ਸਮਾਨ ਜਿਵੇਂ: ਸਿਹਰੇ ਵੰਗਾਂ, ਪ੍ਰਾਂਦੀਆਂ, ਮਹਿੰਦੀ, ਖੋਪਾ, ਸੈਂਟ, ਕੂਜ਼ਾ ਮਿਸਰੀ, ਕਿਰਪਾਨਾਂ ਅਤੇ ਅਲਗੋਜ਼ੇ!

**ਗੱਭਰੂਆਂ ਲਈ:-**

ਕਲੀਆਂ ਵਾਲੇ ਕੁੜਤੇ ਅਤੇ ਕੱਢਵੀਆਂ ਜੁੱਤੀਆਂ

vol.1 no.2
august 73

THE LITERARY MONTHLY MAGAZINE OF PANJABI
THE WATNO DUR
P.O. BOX 1041, COQUITLAM, B.C., CANADA.

licence 640-7300.
phone 253-3474.

# GOPE SHEWA asks about DISABILITY-INSURANCE

*What is there to object to . . . . ?*

★ Money for doctor bills?

★ Money for hospital bills?

★ Money for operations?

★ Money to pay special nurses?

★ Money for food and clothing and housing—when you cannot earn a living?

★ Tax-free income when you cannot work?

★ Ability to afford prompt and proper medical care?

★ Freedom from worry and fear of an uncertain, heavy financial burden?

★ A reserve fund of hundreds—even thousands of dollars—when disability strikes?

★ That your plans for the future will not be destroyed—though you are disabled for months . . . for years?



GOPE SHEWA

positively, you still want to know more and more:

GOPE SHEWA
of
NORTH AMERICAN LIFE AND CASULTY CO.
is always ready to give you furthur information
contact him right now:

BUS: 736-3761
RES: 434-9812
SHOP: 689-5128